DigiSafe

Keeping children safe

LGfL

# Punjabi

# translation of the Department for Education’s ‘Keeping children safe in education’

## Statutory guidance for schools and colleges

## Part one: Information for all school and college staff

## September 2019

# ਸਿੱਖਿਆ ਵਿਭਾਗ ਦਾ 'ਬੱਚਿਆਂ ਨੂੰ ਸਿੱਖਿਆ ਵਿੱਚ ਸੁਰੱਖਿਅਤ ਰੱਖਣਾ'

## ਸਕੂਲ ਅਤੇ ਕਾਲਜਾਂ ਲਈ ਵਿਧਾਨਿਕ ਨਿਰਦੇਸ਼ਨ

## ਭਾਗ ਇੱਕ: ਸਕੂਲ ਅਤੇ ਕਾਲਜ ਦੇ ਸਾਰੇ ਸਟਾਫ ਲਈ ਜਾਣਕਾਰੀ

## ਸਤੰਬਰ 2019

# ਵਿਸ਼ਾ ਸਮੱਗਰੀ


ਸਾਰ 3

ਭਾਗ ਇੱਕ: ਸਾਰੇ ਸਟਾਫ ਲਈ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ 4

ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਜਾਣਨਾ ਅਤੇ ਕਰਨਾ ਚਾਹੀਦਾ ਹੈ 4

ਸੁਰੱਖਿਅਤ ਰੱਖਣ ਲਈ ਬੱਚੇ ਤੇ ਕੇਂਦਰਿਤ ਅਤੇ ਤਾਲਮੇਲ ਵਾਲੀ ਵਿਧੀ 4

ਸਕੂਲ ਅਤੇ ਕਾਲਜ ਸਟਾਫ ਦੀ ਭੂਮਿਕਾ 4

ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਜਾਣਨ ਦੀ ਲੋੜ ਹੈ 5

ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕਿਸ ਚੀਜ਼ ਦਾ ਧਿਆਨ ਰੱਖਣਾ ਚਾਹੀਦਾ ਹੈ 6

ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਹ ਕਿਸੇ ਬੱਚੇ ਬਾਰੇ ਚਿੰਤਤ ਹਨ 11

ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਹ ਕਿਸੇ ਹੋਰ ਸਟਾਫ ਮੈਂਬਰ ਬਾਰੇ ਚਿੰਤਤ ਹਨ ਜੋ ਬੱਚਿਆਂ ਨੂੰ ਨੁਕਸਾਨ ਦੇ ਜੋਖਿਮ ਵਿੱਚ ਪਾ ਸਕਦਾ ਹੈ 14

ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਸਕੂਲ ਜਾਂ ਕਾਲਜ ਅੰਦਰ ਸੁਰੱਖਿਅਤ ਰੱਖਣ ਦੇ ਤਰਿਕਿਆਂ ਬਾਰੇ ਚਿੰਤਾਵਾਂ ਹਨ 15



This publication is translated from the Department for Education document ‘Keeping Children Safe in Education’ available from gov.uk which is licensed under the terms of the Open Government Licence v3.0.

This translation was carried out by a professional linguist with secondary proofing. However, the original English version should be treated as the official source of statutory school staff duties.


Please note that Annex A, which must also be read by all staff who work directly with children, is not included in this translation.

# ਸਾਰ

ਬੱਚਿਆਂ ਨੂੰ ਸਿੱਖਿਆ ਵਿੱਚ ਸੁਰੱਖਿਅਤ ਰੱਖਣਾ ਇੱਕ ਵਿਧਾਨਿਕ ਨਿਰਦੇਸ਼ਨ ਹੈ ਜਿਸ ਦੀ ਇੰਗਲੈਂਡ ਵਿੱਚ ਸਕੂਲ ਅਤੇ ਕਾਲਜਾਂ ਨੂੰ ਬੱਚਿਆਂ ਦੀ ਭਲਾਈ ਦੀ ਰੱਖਿਆ ਕਰਨ ਅਤੇ ਪ੍ਰੋਤਸਾਹਿਤ ਕਰਨ ਸਮੇਂ ਪਾਲਣਾ ਕਰਨਾ ਲਾਜ਼ਮੀ ਹੈ।

• ਦੇਖਭਾਲ ਕੀਤੇ ਜਾਣ ਵਾਲੇ ਸਕੂਲਾਂ (ਦੇਖਭਾਲ ਕੀਤੇ ਜਾਣ ਵਾਲੇ ਨਰਸਰੀ ਸਕੂਲਾਂ ਸਮੇਤ) ਅਤੇ ਕਾਲਜਾਂ ਦੇ ਪ੍ਰਬੰਧਕ ਮੰਡਲ;

• ਸੁਤੰਤਰ ਸਕੂਲਾਂ (ਅਕੈਦਮੀਆਂ, ਮੁਫਤ ਸਕੂਲ ਅਤੇ ਵਿਕਲਪਿਕ ਪ੍ਰਬੰਧ ਵਾਲੀ ਅਕੈਦਮੀਆਂ ਸਮੇਤ) ਅਤੇ ਦੇਖਭਾਲ ਨਾ ਕੀਤੇ ਜਾ ਰਹੇ ਵਿਸ਼ੇਸ਼ ਸਕੂਲਾਂ ਦੇ ਮਾਲਕ। ਅਕੈਦਮੀਆਂ, ਮੁਫਤ ਸਕੂਲ ਅਤੇ ਵਿਕਲਪਿਕ ਪ੍ਰਬੰਧ ਵਾਲੀ ਅਕੈਦਮੀਆਂ ਦੇ ਮਾਮਲੇ ਵਿੱਚ, ਮਾਲਕ ਅਕੈਦਮੀ ਟਰੱਸਟ ਹੋਣਗੇ; ਅਤੇ

• ਵਿਦਿਆਰਥੀ ਰੈਫਰਲ ਯੂਨਿਟਾਂ (PRUs) ਦੀਆਂ ਮੈਨੇਜਮੈਂਟ ਕਮੇਟੀਆਂ

ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਸਕੂਲ ਜਾਂ ਕਾਲਜ ਵਿਚਲਾ **ਸਾਰਾ ਸਟਾਫ** ਘੱਟੋ-ਘੱਟ ਨਿਰਦੇਸ਼ਨ ਦੇ ਪਹਿਲੇ ਭਾਗ ਨੂੰ **ਪੜ੍ਹੇ**।

ਸੰਦਰਭ ਨੂੰ ਆਸਾਨ ਬਣਾਉਣ ਲਈ ਪਹਿਲੇ ਭਾਗ ਨੂੰ ਇੱਥੇ ਇੱਕਲੇ ਦਸਤਾਵੇਜ਼ ਵਜੋਂ ਤਿਆਰ ਕੀਤਾ ਗਿਆ ਹੈ।

# ਭਾਗ ਇੱਕ: ਸਾਰੇ ਸਟਾਫ ਲਈ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਜਾਣਨਾ ਅਤੇ ਕਰਨਾ ਚਾਹੀਦਾ ਹੈ

## ਸੁਰੱਖਿਅਤ ਰੱਖਣ ਲਈ ਬੱਚੇ ਤੇ ਕੇਂਦਰਿਤ ਅਤੇ ਤਾਲਮੇਲ ਵਾਲੀ ਵਿਧੀ

1. ਸਕੂਲ ਅਤੇ ਕਾਲਜ ਅਤੇ ਉਨ੍ਹਾਂ ਦਾ ਸਟਾਫ ਬੱਚਿਆਂ ਲਈ ਵਿਸਤ੍ਰਿਤ ਸੁਰੱਖਿਆ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਹਨ। ਇਸ ਪ੍ਰਣਾਲੀ ਨੂੰ ਵਿਧਾਨਿਕ ਨਿਰਦੇਸ਼ਨ Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਵਿੱਚ ਵਰਣਿਤ ਕੀਤਾ ਗਿਆ ਹੈ।

2. ਬੱਚਿਆਂ ਦੀ ਭਲਾਈ ਨੂੰ ਬਚਾਉਣਾ ਅਤੇ ਪ੍ਰੋਤਸਾਹਿਤ ਕਰਨਾ **ਹਰੇਕ** ਦੀ ਜ਼ਿੰਮੇਵਾਰੀ ਹੈ। **ਹਰ ਇੱਕ** ਜੋ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸੰਪਰਕ ਵਿੱਚ ਆਉਂਦਾ ਹੈ, ਉਨ੍ਹਾਂ ਨੂੰ ਭੂਮਿਕਾ ਅਦਾ ਕਰਨੀ ਪੈਂਦੀ ਹੈ। ਇਸ ਜ਼ਿੰਮੇਵਾਰੀ ਨੂੰ ਅਸਰਦਾਰ ਤਰੀਕੇ ਨਾਲ ਪੂਰਾ ਕਰਨ ਲਈ, ਸਾਰੇ ਅਭਿਆਸਕਰਤਾਵਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਕੋਸ਼ਿਸ਼ ਬੱਚੇ ਤੇ ਕੇਂਦਰਿਤ ਹੋਵੇ। ਇਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਹਮੇਸ਼ਾਂ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਦੇ **ਸਭ ਤੋਂ ਵਧੀਆ ਹਿੱਤ** ਵਿੱਚ ਕੀ ਹੈ।

3. ਕਿਸੇ ਵੀ ਇਕੱਲੇ ਅਭਿਆਸਕਰਤਾ ਕੋਲ ਬੱਚੇ ਦੀਆਂ ਲੋੜਾਂ ਅਤੇ ਹਾਲਾਤਾਂ ਦੀ ਪੂਰੀ ਤਸਵੀਰ ਨਹੀਂ ਹੋ ਸਕਦੀ ਹੈ। ਜੇ ਬੱਚਿਆਂ ਅਤੇ ਪਰਿਵਾਰਾਂ ਨੂੰ ਸਹੀ ਸਮੇਂ ਤੇ ਸਹੀ ਮਦਦ ਪ੍ਰਾਪਤ ਕਰਨੀ ਹੈ, ਤਾਂ **ਹਰੇਕ ਵਿਅਕਤੀ** ਜੋ ਉਨ੍ਹਾਂ ਨਾਲ ਸੰਪਰਕ ਵਿੱਚ ਆਉਂਦਾ ਹੈ, ਉਸ ਨੂੰ ਚਿੰਤਾਵਾਂ ਨੂੰ ਪਛਾਣਨ, ਜਾਣਕਾਰੀ ਨੂੰ ਸਾਂਝਾ ਕਰਨ ਅਤੇ ਤੁਰੰਤ ਕਾਰਵਾਈ ਕਰਨ ਵਿੱਚ ਭੂਮਿਕਾ ਅਦਾ ਕਰਨੀ ਪੈਂਦੀ ਹੈ।

4. ਬੱਚਿਆਂ ਦੀ ਭਲਾਈ ਦੀ ਰੱਖਿਆ ਕਰਨ ਅਤੇ ਪ੍ਰੋਤਸਾਹਿਤ ਕਰਨ ਨੂੰ ਇਸ ਨਿਰਦੇਸ਼ਨ ਦੇ ਉਦੇਸ਼ਾਂ ਲਈ ਇਸ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ:

- ਬੱਚਿਆਂ ਨੂੰ ਦੁਰਵਿਹਾਰ ਤੋਂ ਬਚਾਉਣਾ;
- ਬੱਚਿਆਂ ਦੀ ਸਿਹਤ ਜਾਂ ਵਿਕਾਸ ਵਿੱਚ ਨੁਕਸਾਨ ਨੂੰ ਬਚਾਉਣਾ;
- ਯਕੀਨੀ ਬਣਾਉਣਾ ਕਿ ਬੱਚੇ ਉਨ੍ਹਾਂ ਹਾਲਾਤਾਂ ਵਿੱਚ ਵੱਡੇ ਹੋਣ ਜੋ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸੰਭਾਲ ਦੀ ਵਿਵਸਥਾ ਦੇ ਅਨੁਕੂਲ ਹੋਵੇ; ਅਤੇ
- ਸਾਰੇ ਬੱਚਿਆਂ ਨੂੰ ਸ੍ਰੇਸ਼ਠ ਪਰਿਣਾਮ ਦੇਣ ਦੇ ਯੋਗ ਬਣਾਉਣ ਲਈ ਕਾਰਵਾਈ ਕਰਨੀ।

5. ਬੱਚਿਆਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਸਾਰੇ ਸ਼ਾਮਲ ਹਨ।

## ਸਕੂਲ ਅਤੇ ਕਾਲਜ ਸਟਾਫ ਦੀ ਭੂਮਿਕਾ

6. ਸਕੂਲ ਅਤੇ ਕਾਲਜ ਦਾ ਸਟਾਫ ਖਾਸ ਤੌਰ ਤੇ ਮਹੱਤਵਪੂਰਨ ਹੈ ਕਿਉਂਕਿ ਉਹ ਚਿੰਤਾਵਾਂ ਨੂੰ ਜਲਦੀ ਪਛਾਣਨ, ਬੱਚਿਆਂ ਨੂੰ ਮਦਦ ਪ੍ਰਦਾਨ ਕਰਨ ਅਤੇ ਚਿੰਤਾਵਾਂ ਨੂੰ ਵਧਣ ਤੋਂ ਰੋਕਣ ਦੀ ਸਥਿਤੀ ਵਿੱਚ ਹੁੰਦੇ ਹਨ।

7. **ਸਾਰੇ** ਸਟਾਫ ਦੀ ਇੱਕ ਜ਼ਿੰਮੇਵਾਰੀ ਹੈ, ਸੁਰੱਖਿਅਤ ਮਾਹੌਲ ਪ੍ਰਦਾਨ ਕਰਨ ਜਿਸ ਵਿੱਚ ਬੱਚੇ ਸਿੱਖ ਸਕਦੇ ਹਨ।

8. **ਸਾਰੇ** ਸਟਾਫ ਨੂੰ ਉਨ੍ਹਾਂ ਬੱਚਿਆਂ ਦੀ ਪਛਾਣ ਕਰਨ ਲਈ ਤਿਆਰ ਕੀਤਾ ਜਾਣਾ ਚਾਹੀਦਾ ਹੈ ਜਿਨ੍ਹਾਂ ਨੂੰ ਸ਼ੁਰੂਆਤੀ ਮਦਦ ਤੋਂ ਫਾਇਦਾ ਹੋ ਸਕਦਾ ਹੈ।[1] ਜਲਦੀ ਮਦਦ ਦਾ ਮਤਲਬ ਹੈ ਕਿ ਕਿਸੇ ਬੱਚੇ ਦੀ ਜ਼ਿੰਦਗੀ ਵਿੱਚ ਕਿਸੇ ਵੀ ਸਮੇਂ ਕੋਈ ਵੀ ਸਮੱਸਿਆ ਆਉਣ ਤੇ ਜਲਦੀ ਤੋਂ ਜਲਦੀ ਸਹਾਇਤਾ ਪ੍ਰਦਾਨ ਕਰਨਾ, ਬੁਨਿਆਦੀ ਸਾਲਾਂ ਤੋਂ ਲੈ ਕੇ ਕਿਸ਼ੋਰ ਅਵਸਥਾ ਦੇ ਸਾਲਾਂ ਤਕ।

9. **ਕੋਈ ਵੀ ਸਟਾਫ ਮੈਂਬਰ** ਜਿਸ ਨੂੰ ਬੱਚੇ ਦੀ ਭਲਾਈ ਬਾਰੇ ਚਿੰਤਾ ਹੈ, ਉਸ ਨੂੰ ਪੈਰ੍ਹਾ 35-47 ਵਿੱਚ ਤੈਅ ਕੀਤੀਆਂ ਰੈਫਰਲ ਪ੍ਰਕਿਰਿਆਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸਟਾਫ ਨੂੰ ਕਿਸੇ ਵੀ ਰੈਫ਼ਰਲ ਤੋਂ ਬਾਅਦ ਸਮਾਜ ਸੇਵਕਾਂ ਅਤੇ ਹੋਰ ਏਜੰਸੀਆਂ ਦੀ ਸਹਾਇਤਾ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

10. ਹਰੇਕ ਸਕੂਲ ਅਤੇ ਕਾਲਜ ਦਾ ਇੱਕ ਨਿਯਤ ਸੁਰੱਖਿਆ ਲੀਡਰ ਹੋਣਾ ਚਾਹੀਦਾ ਹੈ ਜੋ ਸਟਾਫ ਨੂੰ ਉਨ੍ਹਾਂ ਦੀਆਂ ਸੁਰੱਖਿਆ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਹਾਇਤਾ ਪ੍ਰਦਾਨ ਕਰੇਗਾ ਅਤੇ ਜੋ ਬੱਚਿਆਂ ਦੀ ਸਮਾਜਿਕ ਸੰਭਾਲ ਵਰਗੀਆਂ ਹੋਰ ਸੇਵਾਵਾਂ ਨਾਲ ਨਜ਼ਦੀਕੀ ਨਾਲ ਤਾਲਮੇਲ ਕਰੇਗਾ।

11. ਇਸ ਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੁੰਦੀ ਹੈ ਕਿ ਨਿਯਤ ਸੁਰੱਖਿਆ ਲੀਡਰ (ਅਤੇ ਹੋਰ ਕੋਈ ਡਿਪਟੀ) ਕੋਲ ਸੁਰੱਖਿਅਤ ਰੱਖਣ ਦੀ ਪੂਰੀ ਤਸਵੀਰ ਹੁੰਦੀ ਹੈ ਅਤੇ ਉਹ ਸੁਰੱਖਿਆ ਸਬੰਧੀ ਚਿੰਤਾਵਾਂ ਦੇ ਜਵਾਬ ਤੇ ਸਲਾਹ ਦੇਣ ਲਈ ਸਭ ਤੋਂ ਢੁਕਵਾਂ ਵਿਅਕਤੀ ਹੁੰਦਾ ਹੈ।

12. ਟੀਚਰਜ਼ ਸਟੈਂਡਰਡ 2012 ਕਹਿੰਦੇ ਹਨ ਕਿ ਅਧਿਆਪਕਾਂ (ਜਿਸ ਵਿੱਚ ਮੁੱਖ ਅਧਿਆਪਕ ਵੀ ਸ਼ਾਮਲ ਹਨ) ਨੂੰ ਬੱਚਿਆਂ ਦੀ ਭਲਾਈ ਦੀ ਸੁਰੱਖਿਆ ਕਰਨੀ ਚਾਹੀਦੀ ਹੈ ਅਤੇ ਆਪਣੀਆਂ ਪੇਸ਼ੇਵਰ ਜ਼ੁੰਮੇਵਾਰੀਆਂ ਵਜੋਂ ਅਧਿਆਪਨ ਦੇ ਪੇਸ਼ੇ ਵਿੱਚ ਜਨਤਕ ਭਰੋਸਾ ਕਾਇਮ ਰੱਖਣਾ ਚਾਹੀਦਾ ਹੈ।[2]

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਜਾਣਨ ਦੀ ਲੋੜ ਹੈ

13. **ਸਾਰੇ** ਸਟਾਫ ਨੂੰ ਉਨ੍ਹਾਂ ਦੇ ਸਕੂਲ ਜਾਂ ਕਾਲਜ ਅੰਦਰਲੀਆਂ ਪ੍ਰਣਾਲੀਆਂ ਬਾਰੇ ਪਤਾ ਹੋਣਾ ਚਾਹੀਦਾ ਹੈ ਜੋ ਸੁਰੱਖਿਆ ਦਾ ਸਮਰਥਨ ਕਰਦੀਆਂ ਹਨ ਅਤੇ ਇਨ੍ਹਾਂ ਨੂੰ ਸਟਾਫ ਇੰਡਕਸ਼ਨ ਦੇ ਹਿੱਸੇ ਵਜੋਂ ਉਨ੍ਹਾਂ ਨੂੰ ਵਿਸਤਾਰ ਵਿੱਚ ਦੱਸਣਾ ਚਾਹੀਦਾ ਹੈ। ਇਸ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ;

- ਬੱਚੇ ਦੀ ਸੁਰੱਖਿਆ ਨੀਤੀ;
- ਵਰਤਾਅ ਨੀਤੀ[3];
- ਸਟਾਫ ਵਰਤਾਅ ਨੀਤੀ (ਕਈ ਵਾਰ ਇਸਨੂੰ ਆਚਾਰ ਸੰਹਿਤਾ ਕਹਿੰਦੇ ਹਨ);
- ਉਨ੍ਹਾਂ ਬੱਚਿਆਂ ਲਈ ਸੁਰੱਖਿਆ ਜਵਾਬ ਜੋ ਪੜ੍ਹਾਈ ਤੋਂ ਗੁੰਮ ਜਾਂਦੇ ਹਨ; ਅਤੇ
- ਨਿਯਤ ਸੁਰੱਖਿਆ ਲੀਡਰ (ਨਿਯਤ ਸੁਰੱਖਿਆ ਲੀਡਰ ਅਤੇ ਕਿਸੇ ਵੀ ਡਿਪਟੀਆਂ ਦੀ ਪਛਾਣ ਸਮੇਤ) ਦੀ ਭੂਮਿਕਾ।

---

[1] ਜਲਦੀ ਮਦਦ ਤੇ ਵਿਸਤ੍ਰਿਤ ਜਾਣਕਾਰੀ ਨੂੰ Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦੇ ਪਾਠ 1 ਵਿੱਚ ਦੇਖਿਆ ਜਾ ਸਕਦਾ ਹੈ।

[2] Teachers' Standards (ਟੀਚਰਜ਼ ਸਟੈਂਡਰਡਸ) ਇਨ੍ਹਾਂ ਤੇ ਲਾਗੂ ਹੁੰਦੇ ਹਨ: QTS ਲਈ ਕੰਮ ਕਰਦੇ ਸਿਖਿਆਰਥੀ; ਆਪਣੀ ਵਿਧਾਨਿਕ ਇੰਡਕਸ਼ਨ ਮਿਆਦ ਪੂਰੀ ਕਰ ਰਹੇ ਸਾਰੇ ਅਧਿਆਪਕ (ਨਵੇਂ ਯੋਗਤਾ ਪ੍ਰਾਪਤ ਅਧਿਆਪਕ [NQTs]); ਅਤੇ ਸੰਭਾਲੇ ਜਾ ਰਹੇ ਸਕੂਲਾਂ ਵਿਚਲੇ ਅਧਿਆਪਕ, ਸੰਭਾਲੇ ਜਾ ਰਹੇ ਵਿਸ਼ੇਸ਼ ਸਕੂਲਾਂ ਸਮੇਤ, ਜੋ ਐਜੂਕੇਸ਼ਨ (ਸਕੂਲ ਟੀਚਰਜ਼ ਅਪਰੇਜ਼ਲ) (ਇੰਗਲੈਂਡ) ਅਧਿਨਿਯਮ 2012 ਅਧੀਨ ਹਨ।

[3] ਸਾਰੇ ਸਕੂਲਾਂ ਲਈ ਇੱਕ ਵਰਤਾਅ ਨੀਤੀ ਹੋਣੀ ਜ਼ਰੂਰੀ ਹੈ (ਪੂਰੇ ਵੇਰਵੇ ਇੱਥੇ ਹਨ)। ਜੇ ਕੋਈ ਕਾਲਜ ਇੱਕ ਵਰਤਾਅ ਨੀਤੀ ਹੋਣ ਨੂੰ ਚੁਣਦਾ ਹੈ ਤਾਂ ਇਸ ਨੂੰ ਉੱਪਰ ਦੱਸੇ ਅਨੁਸਾਰ ਸਟਾਫ ਨੂੰ ਪ੍ਰਦਾਨ ਕਰਨਾ ਚਾਹੀਦਾ ਹੈ।

ਨੀਤੀਆਂ ਦੀਆਂ ਕਾਪੀਆਂ ਅਤੇ ਇਸ ਦਸਤਾਵੇਜ਼ ਦੇ ਭਾਗ ਇੱਕ ਦੀ ਕਾਪੀ ਸਟਾਫ ਨੂੰ ਇੰਡਕਸ਼ਨ ਦੇ ਸਮੇਂ ਪ੍ਰਦਾਨ ਕਰਨੀ ਚਾਹੀਦੀ ਹੈ।

14. **ਸਾਰੇ** ਸਟਾਫ ਨੂੰ ਉਚਿਤ ਸੁਰੱਖਿਆ ਅਤੇ ਬੱਚੇ ਦੀ ਰੱਖਿਆ ਸਿਖਲਾਈ ਮਿਲਣੀ ਚਾਹੀਦੀ ਹੈ ਜਿਸ ਨੂੰ ਨਿਯਮਿਤ ਤੌਰ ਤੇ ਅੱਪਡੇਟ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਾਰੇ ਸਟਾਫ ਨੂੰ ਲੋੜ ਅਨੁਸਾਰ, ਅਤੇ ਘੱਟੋ-ਘੱਟ ਸਾਲ ਵਿੱਚ ਇੱਕ ਵਾਰ, ਸੁਰੱਖਿਆ ਅਤੇ ਬੱਚੇ ਦੀ ਰੱਖਿਆ ਦੇ ਅੱਪਡੇਟ ਮਿਲਣੇ ਚਾਹੀਦੇ ਹਨ (ਉਦਾਹਰਨ ਲਈ, ਈਮੇਲ, ਈ-ਬੁਲਿਟਨਾਂ ਅਤੇ ਸਟਾਫ ਮੀਟਿੰਗਾਂ ਰਾਹੀਂ), ਬੱਚਿਆਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਸੁਰੱਖਿਆ ਕਰਨ ਲਈ ਉਨ੍ਹਾਂ ਨੂੰ ਉਚਿਤ ਹੁਨਰ ਅਤੇ ਜਾਣਕਾਰੀ ਪ੍ਰਦਾਨ ਕਰਨ ਲਈ।

15. **ਸਾਰੇ** ਸਟਾਫ ਨੂੰ ਉਨ੍ਹਾਂ ਦੀ ਸਥਾਨਕ ਜਲਦੀ ਮਦਦ[4] ਪ੍ਰਕਿਰਿਆ ਅਤੇ ਇਸ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਪਤਾ ਹੋਣਾ ਚਾਹੀਦਾ ਹੈ।

16. **ਸਾਰੇ** ਸਟਾਫ ਨੂੰ ਬੱਚਿਆਂ ਦੀ ਸਮਾਜਿਕ ਸੰਭਾਲ ਅਤੇ ਚਿਲਡਰਨ ਐਕਟ 1989, ਖਾਸ ਕਰਕੇ ਸੈਕਸ਼ਨ 17 (ਲੋੜਵੰਦ ਬੱਚੇ) ਅਤੇ ਸੈਕਸ਼ਨ 47 (ਬੱਚਾ ਸੰਕਟ ਵਿੱਚ ਹੈ, ਜਾਂ ਸੰਕਟ ਵਿੱਚ ਹੋਣ ਦੀ ਸੰਭਾਵਨਾ ਹੈ, ਮਹੱਤਵਪੂਰਨ ਜੋਖਿਮ) ਕੋਲ ਹਵਾਲੇ ਦੇਣ ਦੀ ਪ੍ਰਕਿਰਿਆ ਬਾਰੇ ਪਤਾ ਹੋਣਾ ਚਾਹੀਦਾ ਹੈ ਜੋ ਹਵਾਲਾ ਦੇਣ ਤੋਂ ਬਾਅਦ ਹੋ ਸਕਦੀ ਹੈ, ਉਸ ਭੂਮਿਕਾ ਦੇ ਨਾਲ ਜਿਨ੍ਹਾਂ ਦੀ ਅਜਿਹੇ ਮੁਲਾਂਕਣਾਂ ਵਿੱਚ ਉਨ੍ਹਾਂ ਤੋਂ ਅਦਾ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ।[5]

17. **ਸਾਰੇ** ਸਟਾਫ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਕੀ ਕਰਨਾ ਹੈ ਜੇ ਕੋਈ ਬੱਚਾ/ਬੱਚੀ ਉਨ੍ਹਾਂ ਨੂੰ ਦੱਸਦਾ/ਦੱਸਦੀ ਹੈ ਕਿ ਉਸ ਨਾਲ ਦੁਰਵਿਹਾਰ ਹੋਇਆ ਹੈ ਜਾਂ ਉਸ ਨਾਲ ਅਣਗਹਿਲੀ ਹੋਈ ਹੈ। ਸਟਾਫ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਗੋਪਨੀਅਤਾ ਦੇ ਉਚਿਤ ਪੱਧਰ ਨੂੰ ਕਾਇਮ ਰੱਖਣ ਲਈ ਜ਼ਰੂਰਤ ਦਾ ਪ੍ਰਬੰਧ ਕਿਵੇਂ ਕਰਨਾ ਹੈ। ਇਸ ਦਾ ਮਤਲਬ ਹੈ ਕਿ ਕੇਵਲ ਉਨ੍ਹਾਂ ਲੋਕਾਂ ਨੂੰ ਸ਼ਾਮਲ ਕਰਨਾ ਜਿਨ੍ਹਾਂ ਨੂੰ ਸ਼ਾਮਲ ਕਰਨ ਦੀ ਲੋੜ ਹੈ, ਜਿਵੇਂ ਕਿ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਅਤੇ ਬੱਚਿਆਂ ਦੀ ਸਮਾਜਿਕ ਸੰਭਾਲ। ਸਟਾਫ ਨੂੰ ਕਦੇ ਵੀ ਬੱਚੇ ਨੂੰ ਵਾਦਾ ਨਹੀਂ ਕਰਨਾ ਚਾਹੀਦਾ ਹੈ ਕਿ ਉਹ ਦੁਰਵਿਹਾਰ ਦੀ ਰਿਪੋਰਟ ਬਾਰੇ ਕਿਸੇ ਨੂੰ ਵੀ ਨਹੀਂ ਦੱਸਣਗੇ, ਕਿਉਂਕਿ ਇਹ ਅਖੀਰ ਵਿੱਚ ਬੱਚੇ ਦੇ ਸ੍ਰੇਸ਼ਠ ਹਿੱਤ ਵਿੱਚ ਨਹੀਂ ਵੀ ਹੋ ਸਕਦਾ ਹੈ।

# ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕਿਸ ਚੀਜ਼ ਦਾ ਧਿਆਨ ਰੱਖਣਾ ਚਾਹੀਦਾ ਹੈ

## ਜਲਦੀ ਮਦਦ

18. **ਕਿਸੇ** ਬੱਚੇ ਨੂੰ ਜਲਦੀ ਮਦਦ ਤੋਂ ਫਾਇਦਾ ਹੋ ਸਕਦਾ ਹੈ, ਪਰ ਸਾਰੇ ਸਕੂਲ ਅਤੇ ਕਾਲਜ ਸਟਾਫ ਨੂੰ ਉਸ ਬੱਚੇ ਲਈ ਜਲਦੀ ਮਦਦ ਲਈ ਸੰਭਾਵਿਤ ਲੋੜ ਲਈ ਖਾਸ ਤੌਰ ਤੇ ਚੇਤੰਨ ਰਹਿਣਾ ਚਾਹੀਦਾ ਹੈ ਜੋ:

- ਅਯੋਗ ਹੈ ਅਤੇ ਜਿਸ ਦੀਆਂ ਵਿਸ਼ੇਸ਼ ਵਾਧੂ ਲੋੜਾਂ ਹਨ;
- ਵਿਸ਼ੇਸ਼ ਵਿਦਿਅਕ ਲੋੜਾਂ ਹਨ (ਭਾਵੇਂ ਉਨ੍ਹਾਂ ਕੋਲ ਵਿਧਾਨਿਕ ਸਿਖਿਆ, ਸਿਹਤ ਅਤੇ ਸੰਭਾਲ ਪਲਾਨ ਹਨ ਜਾਂ ਨਹੀਂ);
- ਛੋਟਾ ਸੰਭਾਲਕਰਤਾ ਹੈ;

[4] ਜਲਦੀ ਮਦਦ ਤੇ ਵਿਸਤ੍ਰਿਤ ਜਾਣਕਾਰੀ ਨੂੰ Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦੇ ਪਾਠ 1 ਵਿੱਚ ਦੇਖਿਆ ਜਾ ਸਕਦਾ ਹੈ।

[5] ਵਿਧਾਨਿਕ ਮੁਲਾਂਕਣਾਂ ਤੇ ਹੋਰ ਜਾਣਕਾਰੀ ਨੂੰ ਪੈਰ੍ਹਾ 42 ਵਿੱਚ ਸ਼ਾਮਲ ਕੀਤਾ ਗਿਆ ਹੈ। ਵਿਧਾਨਿਕ ਮੁਲਾਂਕਣਾਂ ਤੇ ਵਿਸਤ੍ਰਿਤ ਜਾਣਕਾਰੀ ਨੂੰ Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦੇ ਪਾਠ 1 ਵਿੱਚ ਦੇਖਿਆ ਜਾ ਸਕਦਾ ਹੈ।

- ਸਮਾਜ ਵਿਰੋਧੀ ਜਾਂ ਅਪਰਾਧਿਕ ਵਿਹਾਰ ਵਿੱਚ ਚਲੇ ਜਾਣ ਦੇ ਸੰਕੇਤ ਦਿਖਾ ਰਿਹਾ ਹੈ, ਸੰਗਠਿਤ ਅਪਰਾਧਿਕ ਸਮੂਹਾਂ ਦੇ ਨਾਲ ਸਬੰਧ ਅਤੇ ਗੈਂਗ ਵਿੱਚ ਸ਼ਮੂਲੀਅਤ ਸਮੇਤ;
- ਸੰਭਾਲ ਜਾਂ ਘਰ ਤੋਂ ਅਕਸਰ ਗੁੰਮ/ਗੁੰਮ ਹੋ ਜਾਂਦਾ ਹੈ;
- ਆਧੁਨਿਕ ਗੁਲਾਮੀ, ਤਸਕਰੀ ਜਾਂ ਸ਼ੋਸ਼ਣ ਦੇ ਜੋਖਿਮ ਤੇ ਹੈ;
- ਕੱਟੜਪੰਥੀ ਹੋਣ ਜਾਂ ਸ਼ੋਸ਼ਿਤ ਹੋਣ ਦੇ ਜੋਖਿਮ ਤੇ ਹੈ;
- ਉਨ੍ਹਾਂ ਪਰਿਵਾਰਿਕ ਹਾਲਾਤਾਂ ਵਿੱਚ ਹੈ ਜੋ ਬੱਚੇ ਲਈ ਚੁਣੌਤੀਆਂ ਪੇਸ਼ ਕਰਦੇ ਹਨ, ਜਿਵੇਂ ਕਿ ਨਸ਼ੇ ਅਤੇ ਸ਼ਰਾਬ ਦੀ ਦੁਰਵਰਤੋਂ, ਬਾਲਗ ਮਾਨਸਿਕ ਸਿਹਤ ਮੁੱਦੇ ਅਤੇ ਘਰੇਲੂ ਦੁਰਵਿਹਾਰ;
- ਆਪ ਨਸ਼ੇ ਜਾਂ ਸ਼ਰਾਬ ਦੀ ਦੁਰਵਰਤੋਂ ਕਰ ਰਿਹਾ ਹੈ;
- ਸੰਭਾਲ ਤੋਂ ਆਪਣੇ ਪਰਿਵਾਰ ਕੋਲ ਘਰ ਵਾਪਸ ਆਇਆ ਹੈ; ਅਤੇ
- ਨਿੱਜੀ ਤੌਰ ਤੇ ਪਾਲਿਆ ਗਿਆ ਬੱਚਾ ਹੈ।

## ਦੁਰਵਿਹਾਰ ਅਤੇ ਅਣਗਹਿਲੀ

19. ਦੁਰਵਿਹਾਰ ਅਤੇ ਅਣਗਹਿਲੀ ਦੀ ਜਲਦੀ ਪਛਾਣ ਕਰਨ ਲਈ ਇਸ ਨੂੰ ਜਾਣਨਾ ਮਹੱਤਵਪੂਰਨ ਹੈ ਕਿ ਕਿਸ ਦਾ ਧਿਆਨ ਰੱਖਣਾ ਹੈ। **ਸਾਰੇ** ਸਟਾਫ ਨੂੰ ਦੁਰਵਿਹਾਰ ਅਤੇ ਅਣਗਹਿਲੀ ਦੇ ਸੰਕੇਤਾਂ ਬਾਰੇ ਪਤਾ ਹੋਣਾ ਚਾਹੀਦਾ ਹੈ ਤਾਂ ਜੋ ਉਹ ਉਨ੍ਹਾਂ ਬੱਚਿਆਂ ਦੇ ਮਾਮਲਿਆਂ ਦੀ ਪਛਾਣ ਕਰਨ ਦੇ ਯੋਗ ਹੋਣ ਜਿਨ੍ਹਾਂ ਨੂੰ ਮਦਦ ਜਾਂ ਸੁਰੱਖਿਆ ਦੀ ਲੋੜ ਹੋ ਸਕਦੀ ਹੈ। ਜੇ ਸਟਾਫ ਨੂੰ ਪੱਕਾ ਪਤਾ ਨਹੀਂ ਹੈ, ਤਾਂ ਉਨ੍ਹਾਂ ਨੂੰ **ਹਮੇਸ਼ਾਂ** ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ।

20. **ਸਾਰੇ** ਸਕੂਲ ਅਤੇ ਕਾਲਜ ਦੇ ਸਟਾਫ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੁਰਵਿਹਾਰ, ਅਣਗਹਿਲੀ ਅਤੇ ਸੁਰੱਖਿਆ ਮੁੱਦੇ ਕਦੇ-ਕਦਾਈਂ ਹੋਣ ਵਾਲਿਆਂ ਇਕੱਲਿਆਂ ਘਟਨਾਵਾਂ ਹਨ ਜਿਨ੍ਹਾਂ ਨੂੰ ਇੱਕ ਪਰਿਭਾਸ਼ਾ ਜਾਂ ਲੇਬਲ ਵਿੱਚ ਕਵਰ ਕੀਤਾ ਜਾ ਸਕਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਇਕ ਤੋਂ ਵੱਧ ਮੁੱਦੇ ਇਕ ਦੂਜੇ ਨਾਲ ਮਿਲਦੇ-ਜੁਲਦੇ ਹੋਣਗੇ।

## ਦੁਰਵਿਹਾਰ ਅਤੇ ਅਣਗਹਿਲੀ ਦੇ ਸੂਚਕ

21. **ਦੁਰਵਿਹਾਰ**: ਇੱਕ ਬੱਚੇ ਨਾਲ ਦੁਰਾਚਾਰ ਕਰਨ ਦਾ ਇੱਕ ਰੂਪ। ਕਿਸੇ ਦੁਆਰਾ ਬੱਚੇ ਨੂੰ ਨੁਕਸਾਨ ਪਹੁੰਚਾਉਣਾ ਜਾਂ ਨੁਕਸਾਨ ਨੂੰ ਰੋਕਣ ਲਈ ਕੰਮ ਨਹੀਂ ਕਰ ਸਕਣਾ ਕਿਸੇ ਬੱਚੇ ਨਾਲ ਦੁਰਵਿਹਾਰ ਜਾਂ ਅਣਗਹਿਲੀ ਹੋ ਸਕਦੀ ਹੈ। ਪਰਿਵਾਰ ਵਿੱਚ ਜਾਂ ਕਿਸੇ ਸੰਸਥਾਗਤ ਜਾਂ ਕਮਿਊਨਿਟੀ ਸੈਟਿੰਗ ਵਿੱਚ ਉਨ੍ਹਾਂ ਦੇ ਪਰੀਚਿਤ ਦੁਆਰਾ ਜਾਂ, ਬਹੁਤ ਘੱਟ ਮਾਮਲਿਆਂ ਵਿੱਚ, ਹੋਰ ਲੋਕਾਂ ਦੁਆਰਾ ਦੁਰਵਿਹਾਰ ਕੀਤਾ ਜਾ ਸਕਦਾ ਹੈ। ਦੁਰਵਿਹਾਰ ਪੂਰੀ ਤਰ੍ਹਾਂ ਨਾਲ ਆਨਲਾਈਨ ਹੋ ਸਕਦਾ ਹੈ, ਜਾਂ ਆਫਲਾਈਨ ਦੁਰਵਿਹਾਰ ਵਿੱਚ ਮਦਦ ਕਰਨ ਲਈ ਤਕਨੋਲੋਜੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਬੱਚਿਆਂ ਨਾਲ ਦੁਰਵਿਹਾਰ ਕਿਸੇ ਬਾਲਗ, ਬਾਲਗਾਂ ਜਾਂ ਕਿਸੇ ਹੋਰ ਬੱਚੇ ਜਾਂ ਬੱਚਿਆਂ ਦੁਆਰਾ ਕੀਤਾ ਜਾ ਸਕਦਾ ਹੈ।

22. **ਸਰੀਰਕ ਦੁਰਵਿਹਾਰ**: ਦੁਰਵਿਹਾਰ ਦਾ ਇੱਕ ਰੂਪ ਜਿਸ ਵਿੱਚ ਮਾਰਨਾ, ਧੱਕੇ ਮਾਰਨਾ, ਸੁੱਟਣਾ, ਜ਼ਹਿਰ ਦੇਣਾ, ਉਤੇਜਨਾ ਜਾਂ ਜਲਾਉਣਾ, ਡੁਬਾਉਣਾ, ਦਮ ਘੋਟਣਾ ਜਾਂ ਬੱਚੇ ਨੂੰ ਕਿਸੇ ਹੋਰ ਢੰਗ ਨਾਲ ਸਰੀਰਕ ਨੁਕਸਾਨ ਪਹੁੰਚਾਣਾ ਸ਼ਾਮਲ ਹੈ। ਸਰੀਰਕ ਨੁਕਸਾਨ ਇਸ ਕਾਰਨ ਵੀ ਹੋ ਸਕਦੇ ਹਨ ਜਦੋਂ ਕੋਈ ਮਾਪੇ ਜਾਂ ਸੰਭਾਲਕਰਤਾ ਲੱਛਣਾਂ ਨੂੰ ਬਣਾਉਂਦੇ ਹਨ, ਜਾਂ ਜਾਣਬੁੱਝ ਕੇ ਕਿਸੇ ਬੱਚੇ ਵਿੱਚ ਬਿਮਾਰੀ ਉਭਾਰਦੇ ਹਨ।

23. **ਭਾਵਾਤਮਕ ਦੁਰਵਿਹਾਰ**: ਕਿਸੇ ਬੱਚੇ ਨਾਲ ਸਥਾਈ ਭਾਵਾਤਮਕ ਦੁਰਾਚਾਰ ਜਿਵੇਂ ਕਿ ਕਿਸੇ ਬੱਚੇ ਦੇ ਭਾਵਨਾਤਮਕ ਵਿਕਾਸ ਤੇ ਗੰਭੀਰ ਅਤੇ ਪ੍ਰਤਿਕੂਲ ਪ੍ਰਭਾਵ ਦਾ ਕਾਰਨ। ਇਸ ਵਿੱਚ ਕਿਸੇ ਬੱਚੇ ਨੂੰ ਇਹ ਸੂਚਿਤ ਕਰਨਾ ਸ਼ਾਮਲ ਹੋ ਸਕਦਾ ਹੈ

ਕਿ ਉਹ ਬੇਕਾਰ ਹਨ ਜਾਂ ਉਨ੍ਹਾਂ ਨੂੰ ਪਿਆਰ ਨਹੀਂ ਕੀਤਾ ਜਾਂਦਾ ਹੈ, ਅਧੂਰੇ ਹਨ, ਜਾਂ ਉਦੋਂ ਤਕ ਕਦਰ ਹੈ ਜਦੋਂ ਤਕ ਉਹ ਕਿਸੇ ਦੂਜੇ ਵਿਅਕਤੀ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਇਸ ਵਿੱਚ ਸ਼ਾਮਲ ਹੋ ਸਕਦੇ ਹਨ, ਬੱਚਿਆਂ ਨੂੰ ਆਪਣੇ ਵਿਚਾਰਾਂ ਨੂੰ ਪ੍ਰਗਟ ਨਾ ਕਰਨ ਦੇਣਾ, ਜਾਣ-ਬੁੱਝ ਕੇ ਉਨ੍ਹਾਂ ਨੂੰ ਚੁੱਪ ਕਰਾਉਣਾ ਜਾਂ ਉਨ੍ਹਾਂ ਦਾ 'ਮਜ਼ਾਕ' ਕਰਨਾ ਕਿ ਉਹ ਕੀ ਕਹਿੰਦੇ ਹਨ ਜਾਂ ਉਹ ਕਿਵੇਂ ਬੋਲਦੇ ਹਨ। ਇਸ ਵਿੱਚ ਬੱਚੇ ਦੀ ਉਮਰ ਜਾਂ ਵਿਕਾਸ ਦੀਆਂ ਅਣਉਚਿਤ ਉਮੀਦਾਂ ਲਗਾਈਆਂ ਜਾ ਸਕਦੀਆਂ ਹਨ। ਇਨ੍ਹਾਂ ਵਿੱਚ ਉਹ ਪਰਸਪਰ ਸੰਪਰਕ ਸ਼ਾਮਲ ਹੋ ਸਕਦੇ ਹਨ ਜੋ ਬੱਚੇ ਦੀ ਵਿਕਾਸਾਤਮਕ ਸਮਰੱਥਾ ਤੋਂ ਪਰ੍ਹੇ ਹੁੰਦੇ ਹਨ ਅਤੇ ਨਾਲ ਹੀ ਵਾਧੂ ਸੁਰੱਖਿਆ ਅਤੇ ਖੋਜ ਅਤੇ ਸਿਖਲਾਈ ਦੀ ਸੀਮਾ, ਜਾਂ ਬੱਚੇ ਨੂੰ ਆਮ ਸਮਾਜਕ ਸੰਪਰਕ ਵਿੱਚ ਹਿੱਸਾ ਲੈਣ ਤੋਂ ਰੋਕਣਾ। ਇਸ ਵਿੱਚ ਕਿਸੇ ਹੋਰ ਦੇ ਨਾਲ ਬੁਰਾ ਸਲੂਕ ਹੁੰਦੇ ਦੇਖਣਾ ਜਾਂ ਸੁਣਨਾ ਸ਼ਾਮਲ ਹੋ ਸਕਦਾ ਹੈ। ਇਸ ਵਿੱਚ ਗੰਭੀਰ ਧੱਕੇਸ਼ਾਹੀ (ਸਾਈਬਰ ਧਮਕੀ ਸਮੇਤ) ਸ਼ਾਮਲ ਹੋ ਸਕਦੀ ਹੈ, ਜਿਸ ਨਾਲ ਬੱਚੇ ਅਕਸਰ ਡਰੇ ਹੋਏ ਜਾਂ ਖ਼ਤਰੇ ਵਿੱਚ ਪੈ ਜਾਂਦੇ ਹਨ, ਜਾਂ ਬੱਚਿਆਂ ਨਾਲ ਸ਼ੋਸ਼ਣ ਜਾਂ ਭ੍ਰਿਸ਼ਟਾਚਾਰ ਹੁੰਦਾ ਹੈ। ਭਾਵਨਾਤਮਕ ਦੁਰਵਿਹਾਰ ਦੇ ਕੁਝ ਪੱਧਰ ਵਿੱਚ ਬੱਚੇ ਨਾਲ ਸਾਰੀਆਂ ਕਿਸਮਾਂ ਦੀ ਬਦਸਲੂਕੀ ਸ਼ਾਮਲ ਹੁੰਦੀ ਹੈ, ਹਾਲਾਂਕਿ ਇਹ ਇਕੱਲੀ ਹੋ ਸਕਦੀ ਹੈ।

24. **ਜਿਨਸੀ ਸ਼ੋਸ਼ਣ**: ਜਿਨਸੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਕਿਸੇ ਬੱਚੇ ਜਾਂ ਨੌਜਵਾਨ ਵਿਅਕਤੀ ਨੂੰ ਮਜਬੂਰ ਕਰਨਾ ਜਾਂ ਪ੍ਰੇਰਿਤ ਕਰਨਾ ਸ਼ਾਮਲ ਹੁੰਦਾ ਹੈ, ਇਹ ਜ਼ਰੂਰੀ ਨਹੀਂ ਕਿ ਉੱਚ ਪੱਧਰ ਦੀ ਹਿੰਸਾ ਨੂੰ ਸ਼ਾਮਲ ਕੀਤਾ ਜਾਵੇ, ਚਾਹੇ ਬੱਚਾ ਕੀ ਵਾਪਰ ਰਿਹਾ ਹੈ ਇਸ ਬਾਰੇ ਜਾਣੂ ਹੋਵੇ ਜਾਂ ਨਾ। ਗਤੀਵਿਧੀਆਂ ਵਿੱਚ ਸਰੀਰਕ ਸੰਪਰਕ ਸ਼ਾਮਲ ਹੋ ਸਕਦਾ ਹੈ, ਘੁਸਪੈਠ ਦੁਆਰਾ ਹਮਲਾ (ਜਿਵੇਂ ਕਿ ਬਲਾਤਕਾਰ ਜਾਂ ਮੂੰਹ ਨਾਲ ਸੈਕਸ ਕਰਨਾ) ਜਾਂ ਗੈਰ-ਵਿਹਾਰਕ ਕੰਮ ਜਿਵੇਂ ਕਿ ਹੱਥਰਸੀ, ਚੁੰਮਣ, ਰਗੜਨਾ ਅਤੇ ਕਪੜਿਆਂ ਦੇ ਬਾਹਰੋਂ ਛੋਹਣਾ। ਉਨ੍ਹਾਂ ਵਿੱਚ ਗੈਰ-ਸੰਪਰਕ ਵਾਲੀਆਂ ਗਤੀਵਿਧੀਆਂ ਸ਼ਾਮਲ ਹੋ ਸਕਦੀਆਂ ਹਨ, ਜਿਵੇਂ ਕਿ ਬੱਚਿਆਂ ਦਾ ਸੈਕਸੀ ਤਸਵੀਰਾਂ ਨੂੰ ਦੇਖਣਾ, ਜਾਂ ਬਣਾਉਣਾ, ਜਿਨਸੀ ਗਤੀਵਿਧੀਆਂ ਦੇਖਣਾ, ਬੱਚਿਆਂ ਨੂੰ ਜਿਨਸੀ ਤੌਰ ਤੇ ਅਣਉਚਿਤ ਤਰੀਕਿਆਂ ਨਾਲ ਵਿਹਾਰ ਕਰਨ ਲਈ ਉਤਸਾਹਿਤ ਕਰਨਾ, ਜਾਂ ਕਿਸੇ ਦੁਰਵਿਹਾਰ ਦੀ ਤਿਆਰੀ ਲਈ ਇੱਕ ਬੱਚੇ ਨੂੰ ਤਿਆਰ ਕਰਨਾ। ਜਿਨਸੀ ਸ਼ੋਸ਼ਣ ਆਨਲਾਈਨ ਹੋ ਸਕਦਾ ਹੈ, ਜਾਂ ਆਫਲਾਈਨ ਦੁਰਵਿਹਾਰ ਵਿੱਚ ਮਦਦ ਕਰਨ ਲਈ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਜਿਨਸੀ ਸ਼ੋਸ਼ਣ ਕੇਵਲ ਬਾਲਗ ਮਰਦਾਂ ਦੁਆਰਾ ਹੀ ਨਹੀਂ ਕੀਤਾ ਜਾਂਦਾ ਹੈ। ਔਰਤਾਂ ਵੀ ਜਿਨਸੀ ਸ਼ੋਸ਼ਣ ਕਰ ਸਕਦੀਆਂ ਹਨ, ਅਤੇ ਦੂਜੇ ਬੱਚੇ ਵੀ ਕਰ ਸਕਦੇ ਹਨ। ਦੂਜੇ ਬੱਚਿਆਂ ਦੁਆਰਾ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨਾ ਸਿੱਖਿਆ ਵਿੱਚ ਵਿਸ਼ੇਸ਼ ਸੁਰੱਖਿਆ ਮੁੱਦਾ ਹੈ (ਪੈਰ੍ਹਾ 27 ਦੇਖੋ)।

25. **ਅਣਗਹਿਲੀ**: ਕਿਸੇ ਬੱਚੇ ਦੀਆਂ ਮੁੱਢਲੀਆਂ ਸਰੀਰਕ ਅਤੇ/ਜਾਂ ਮਨੋਵਿਗਿਆਨਿਕ ਲੋੜਾਂ ਨੂੰ ਪੂਰਾ ਕਰਨ ਵਿੱਚ ਲਗਾਤਾਰ ਅਸਫਲ ਰਹਿਣ ਦੇ ਨਤੀਜੇ ਵਜੋਂ ਬੱਚੇ ਦੀ ਸਿਹਤ ਜਾਂ ਵਾਧੇ ਵਿੱਚ ਗੰਭੀਰ ਨੁਕਸਾਨ ਹੋਣ ਦੀ ਸੰਭਾਵਨਾ ਹੁੰਦੀ ਹੈ। ਅਣਗਹਿਲੀ ਗਰਭਅਵਸਥਾ ਦੌਰਾਨ ਹੋ ਸਕਦੀ ਹੈ, ਉਦਾਹਰਨ ਲਈ, ਮਾਂ ਦੁਆਰਾ ਨਸ਼ਿਆਂ ਦੀ ਦੁਰਵਰਤੋਂ ਦੇ ਨਤੀਜੇ ਵਜੋਂ ਇੱਕ ਵਾਰ ਜਦੋਂ ਬੱਚਾ ਪੈਦਾ ਹੋ ਜਾਂਦਾ ਹੈ, ਤਾਂ ਅਣਗਹਿਲੀ ਵਿੱਚ ਮਾਪਿਆਂ ਜਾਂ ਸੰਭਾਲਕਰਤਾ ਦੁਆਰਾ ਇਨ੍ਹਾਂ ਵਿੱਚ ਅਸਫਲਤਾ ਸ਼ਾਮਲ ਹੋ ਸਕਦੀ ਹੈ: ਕਾਫੀ ਭੋਜਨ ਦੇਣਾ, ਕਪੜੇ ਅਤੇ ਆਸਰਾ (ਘਰ ਤੋਂ ਬਾਹਰ ਕੱਢਣਾ ਜਾਂ ਛੱਡ-ਛਡਾਅ ਸਮੇਤ); ਬੱਚੇ ਨੂੰ ਸਰੀਰਕ ਅਤੇ ਭਾਵਾਤਮਕ ਨੁਕਸਾਨ ਜਾਂ ਖਤਰੇ ਤੋਂ ਬਚਾਉਣ; ਉਚਿਤ ਨਿਗਰਾਨੀ ਨੂੰ ਯਕੀਨੀ ਬਣਾਉਣ (ਅਣਉਚਿਤ ਸੰਭਾਲਕਰਤਾਵਾਂ ਨੂੰ ਵਰਤਣ ਸਮੇਤ); ਜਾਂ ਉਚਿਤ ਮੈਡੀਕਲ ਸੰਭਾਲ ਜਾਂ ਇਲਾਜ ਤੇ ਪਹੁੰਚ ਨੂੰ ਯਕੀਨੀ ਬਣਾਉਣਾ। ਇਸ ਵਿੱਚ ਬੱਚੇ ਦੀਆਂ ਮੁੱਢਲੀਆਂ ਭਾਵਨਾਤਮਕ ਲੋੜਾਂ ਦੀ ਅਣਗਹਿਲੀ ਕਰਨਾ, ਜਾਂ ਉਦਾਸੀਨ ਹੋਣਾ ਵੀ ਸ਼ਾਮਲ ਹੋ ਸਕਦਾ ਹੈ।

## ਸੁਰੱਖਿਆ ਦੇ ਮੁੱਦੇ

26. **ਸਾਰੇ** ਸਟਾਫ ਨੂੰ ਉਨ੍ਹਾਂ ਸੁਰੱਖਿਆ ਮੁੱਦਿਆਂ ਬਾਰੇ ਪਤਾ ਹੋਣਾ ਚਾਹੀਦਾ ਹੈ ਜੋ ਬੱਚਿਆਂ ਨੂੰ ਨੁਕਸਾਨ ਦੇ ਜੋਖਿਮ ਵਿੱਚ ਪਾ ਸਕਦੇ ਹਨ। ਨਸ਼ਾ ਲੈਣਾ, ਸ਼ਰਾਬ ਦੀ ਦੁਰਵਰਤੋਂ, ਜਾਣ-ਬੁੱਝਕੇ ਪੜ੍ਹਾਈ ਤੋਂ ਖੁੰਝਣਾ ਅਤੇ ਸੈਕਸਟਿੰਗ (ਨੌਜਵਾਨਾਂ ਦੁਆਰਾ ਜਿਨਸੀ ਕਾਲਪਨਿਕ ਚਿੱਤਰ ਬਣਾਉਣ ਵਜੋਂ ਵੀ ਜਾਣਿਆ ਜਾਂਦਾ ਹੈ) ਵਰਗੇ ਮੁੱਦਿਆਂ ਨਾਲ ਜੁੜੇ ਵਿਹਾਰ ਬੱਚਿਆਂ ਨੂੰ ਖਤਰੇ ਵਿੱਚ ਪਾਉਂਦੇ ਹਨ।

## ਬੱਚੇ ਦਾ ਬੱਚੇ ਨਾਲ ਦੁਰਵਿਹਾਰ

27. **ਸਾਰੇ** ਸਟਾਫ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਬੱਚੇ ਹੋਰ ਬੱਚਿਆਂ ਨਾਲ ਦੁਰਵਿਹਾਰ ਕਰ ਸਕਦੇ ਹਨ (ਇਸ ਦਾ ਅਕਸਰ ਸਾਥੀ ਦੁਆਰਾ ਸਾਥੀ ਨਾਲ ਦੁਰਵਿਹਾਰ ਵਜੋਂ ਹਵਾਲਾ ਦਿੱਤਾ ਜਾਂਦਾ ਹੈ)। ਇਸ ਵਿੱਚ ਇਨ੍ਹਾਂ ਨੂੰ ਸ਼ਾਮਲ ਕਰਨ ਦੀ ਸਭ ਤੋਂ ਜ਼ਿਆਦਾ ਸੰਭਾਵਨਾ ਹੋ ਸਕਦੀ ਹੈ, ਪਰ ਇਹ ਇਨ੍ਹਾਂ ਤਕ ਸੀਮਤ ਨਹੀਂ ਵੀ ਹੋ ਸਕਦੇ ਹਨ:

- ਧੱਕੇਸ਼ਾਹੀ (ਸਾਈਬਰ ਧਮਕੀ ਸਮੇਤ);
- ਸਰੀਰਕ ਦੁਰਵਿਹਾਰ ਜਿਵੇਂ ਕਿ ਮਾਰਨਾ, ਲੱਤ ਮਾਰਨਾ, ਧੱਕੇ ਮਾਰਨਾ, ਚੱਕ ਵੱਢਣਾ, ਵਾਲ ਪੁੱਟਣੇ, ਜਾਂ ਹੋਰ ਕਿਸੇ ਤਰ੍ਹਾਂ ਨਾਲ ਸਰੀਰਕ ਨੁਕਸਾਨ ਪਹੁੰਚਾਣਾ;
- ਜਿਨਸੀ ਹਿੰਸਾ[6], ਜਿਵੇਂ ਕਿ ਬਲਾਤਕਾਰ, ਘੁਸਪੈਠ ਦੁਆਰਾ ਹਮਲਾ ਅਤੇ ਜਿਨਸੀ ਹਮਲਾ;
- ਜਿਨਸੀ ਛੇੜਛਾੜ[7], ਜਿਨਸੀ ਟਿੱਪਣੀਆਂ, ਟਿੱਪਣੀਆਂ, ਮਜਾਕ ਅਤੇ ਆਨਲਾਈਨ ਜਿਨਸੀ ਛੇੜਛਾੜ, ਜੋ ਇਕੱਲੇ ਕੀਤੀ ਜਾ ਸਕਣ ਵਾਲੀ ਜਾਂ ਇੱਕ ਦੁਰਵਿਹਾਰ ਦੀ ਇੱਕ ਵਿਆਪਕ ਸ਼ੈਲੀ ਦਾ ਹਿੱਸਾ ਹੋ ਸਕਦੀ ਹੈ;
- ਅਪਸਕ੍ਰਟਿੰਗ[8], ਜਿਸ ਵਿੱਚ ਆਮ ਤੌਰ ਤੇ ਜਿਨਸੀ ਸੰਤੁਸ਼ਟੀ ਹਾਸਲ ਕਰਨ ਲਈ ਕਿਸੇ ਵਿਅਕਤੀ ਦੇ ਗੁਪਤ ਅੰਗਾਂ ਜਾਂ ਚਿੱਤੜਾਂ ਨੂੰ ਦੇਖਣ ਦੇ ਇਰਾਦੇ ਦੇ ਨਾਲ, ਉਨ੍ਹਾਂ ਦੀ ਜਾਣਕਾਰੀ ਤੋਂ ਬਿਨਾਂ ਉਨ੍ਹਾਂ ਦੇ ਕਪੜਿਆਂ ਦੇ ਥੱਲਿਓਂ ਦੀ ਇੱਕ ਤਸਵੀਰ ਲੈਣਾ ਸ਼ਾਮਲ ਹੈ, ਜਾਂ ਜਿਸ ਦੇ ਕਾਰਨ ਪੀੜਤ ਵਿਅਕਤੀ ਦਾ ਅਪਮਾਨ, ਪਰੇਸ਼ਾਨੀ ਹੋਵੇ ਜਾਂ ਉਸ ਨੂੰ ਡਰ ਲੱਗ ਸਕਦਾ ਹੈ;
- ਸੈਕਸਟਿੰਗ (ਨੌਜਵਾਨਾਂ ਦੁਆਰਾ ਜਿਨਸੀ ਕਾਲਪਨਿਕ ਚਿੱਤਰ ਬਣਾਉਣ ਵਜੋਂ ਵੀ ਜਾਣਿਆ ਜਾਂਦਾ ਹੈ); ਅਤੇ
- ਪਰਿਵਰਤਨ/ਮਾਨਸਿਕ ਵਿਆਗਰਤਾ ਦੀ ਕਿਸਮ ਦੀ ਹਿੰਸਾ ਅਤੇ ਵਿਧੀਆਂ

28. **ਸਾਰੇ** ਸਟਾਫ ਨੂੰ ਸਾਥੀ ਦੁਆਰਾ ਸਾਥੀ ਨਾਲ ਦੁਰਵਿਹਾਰ ਦੇ ਸਬੰਧ ਵਿੱਚ ਸਕੂਲ ਜਾਂ ਕਾਲਜ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ।

## ਗੰਭੀਰ ਹਿੰਸਾ

29. ਸਾਰੇ ਸਟਾਫ ਨੂੰ ਸੂਚਕਾਂ ਬਾਰੇ ਪਤਾ ਹੋਣਾ ਚਾਹੀਦਾ ਹੈ, ਜੋ ਇਹ ਸੰਕੇਤ ਦੇ ਸਕਦੇ ਹਨ ਕਿ ਬੱਚੇ ਗੰਭੀਰ ਹਿੰਸਾ ਦੇ ਅਪਰਾਧ ਤੋਂ ਜੋਖਮ ਤੇ ਹਨ, ਜਾਂ ਉਸ ਵਿੱਚ ਸ਼ਾਮਲ ਹਨ। ਇਨ੍ਹਾਂ ਵਿੱਚ ਸਕੂਲ ਤੋਂ ਵਧੀ ਗੈਰ-ਹਾਜ਼ਰੀ, ਬਜ਼ੁਰਗ ਵਿਅਕਤੀਆਂ ਜਾਂ ਸਮੂਹਾਂ ਦੇ ਨਾਲ ਦੋਸਤੀ ਜਾਂ ਸਬੰਧਾਂ ਵਿੱਚ ਤਬਦੀਲੀ, ਪ੍ਰਦਰਸ਼ਨ ਵਿੱਚ ਇੱਕ ਮਹੱਤਵਪੂਰਨ ਕਮੀ, ਸਵੈ-ਨੁਕਸਾਨ ਜਾਂ ਤੰਦਰੁਸਤੀ ਵਿੱਚ ਕਾਫੀ ਜ਼ਿਆਦਾ ਤਬਦੀਲੀ ਦੇ ਸੰਕੇਤ, ਜਾਂ ਹਮਲੇ ਜਾਂ ਅਸਪਸ਼ਟ ਸੱਟਾਂ ਦੇ ਸੰਕੇਤ ਸ਼ਾਮਲ ਹੋ ਸਕਦੇ ਹਨ। ਅਸਪਸ਼ਟ ਉਪਹਾਰ ਜਾਂ ਨਵੇਂ ਅਧਿਕਾਰ ਇਹ ਵੀ ਸੰਕੇਤ ਦੇ ਸਕਦੇ ਹਨ ਕਿ ਅਪਰਾਧਿਕ ਨੈਟਵਰਕ ਜਾਂ ਗਿਰੋਹ ਨਾਲ ਜੁੜੇ ਵਿਅਕਤੀਆਂ ਨੇ ਬੱਚਿਆਂ ਕੋਲ ਪਹੁੰਚ ਬਣਾਈ ਹੈ, ਜਾਂ ਉਹ ਇਨ੍ਹਾਂ ਵਿੱਚ ਸ਼ਾਮਲ ਹਨ।

30. ਸਾਰੇ ਸਟਾਫ ਨੂੰ ਜੁੜੇ ਜੋਖਮਾਂ ਬਾਰੇ ਪਤਾ ਹੋਣਾ ਅਤੇ ਇਨ੍ਹਾਂ ਦਾ ਪ੍ਰਬੰਧਨ ਕਰਨ ਲਈ ਲਾਗੂ ਕਰਨ ਵਾਲੇ ਉਪਾਆਂ ਨੂੰ ਸਮਝਣਾ ਚਾਹੀਦਾ ਹੈ। ਸਕੂਲਾਂ ਅਤੇ ਕਾਲਜਾਂ ਲਈ ਸਲਾਹ ਨੂੰ ਹੋਮ ਆਫਿਸ ਦੀ Preventing youth violence and gang involvement (ਨੌਜਵਾਨ ਹਿੰਸਾ ਅਤੇ ਗਿਰੋਹ ਸ਼ਮੂਲੀਅਤ ਨੂੰ ਰੋਕਣਾ) ਅਤੇ ਇਸ ਦੇ Criminal exploitation of children and vulnerable adults: county lines (ਬੱਚਿਆਂ ਅਤੇ ਕਮਜ਼ੋਰ ਬਾਲਗਾਂ ਦੇ ਅਪਰਾਧਿਕ ਸ਼ੋਸ਼ਣ: ਕੰਟ੍ਰੀ ਲਾਈਨਸ) ਨਿਰਦੇਸ਼ਨ ਵਿੱਚ ਪ੍ਰਦਾਨ ਕੀਤਾ ਗਿਆ ਹੈ।[9]

[6] ਜਿਨਸੀ ਹਿੰਸਾ ਬਾਰੇ ਵਧੇਰੀ ਜਾਣਕਾਰੀ ਲਈ ਅੰਤਿਕਾ A ਦੇਖੋ।

[7] ਜਿਨਸੀ ਛੇੜਛਾੜ ਬਾਰੇ ਵਧੇਰੀ ਜਾਣਕਾਰੀ ਲਈ ਅੰਤਿਕਾ A ਦੇਖੋ।

[8] 'ਅਪਸਕ੍ਰਟਿੰਗ' ਬਾਰੇ ਵਧੇਰੀ ਜਾਣਕਾਰੀ ਲਈ ਅੰਤਿਕਾ A ਦੇਖੋ।

[9] ਹਿੰਸਾ ਅਪਰਾਧ ਬਾਰੇ ਵਧੇਰੀ ਜਾਣਕਾਰੀ ਲਈ ਅੰਤਿਕਾ A ਦੇਖੋ।

## ਔਰਤਾਂ ਦੇ ਜਣਨ ਸਬੰਧੀ ਅੰਗਾਂ ਨੂੰ ਖਰਾਬ ਕਰਨਾ

31. ਹਾਲਾਂਕਿ **ਸਾਰੇ** ਸਟਾਫ ਨੂੰ ਔਰਤਾਂ ਦੇ ਜਣਨ ਸਬੰਧੀ ਅੰਗਾਂ ਨੂੰ ਖਰਾਬ (FGM) ਕਰਨ ਬਾਰੇ ਕਿਸੇ ਵੀ ਚਿੰਤਾਵਾਂ ਦੇ ਸਬੰਧ ਵਿੱਚ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ, ਪਰ **ਅਧਿਆਪਕਾਂ ਤੇ ਕਨੂੰਨੀ ਜ਼ੁੰਮੇਵਾਰੀ** ਹੁੰਦੀ ਹੈ।[10] ਜੇ ਕਿਸੇ ਅਧਿਆਪਕ ਨੂੰ, ਪੇਸ਼ੇ ਵਿੱਚ ਆਪਣੇ ਕੰਮ ਦੌਰਾਨ, ਪਤਾ ਲਗਦਾ ਹੈ ਕਿ 18 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ FGM ਦੀ ਘਟਨਾ ਹੋਈ ਲਗਦੀ ਹੈ, ਤਾਂ ਅਧਿਆਕ ਨੂੰ ਇਸ ਦੀ ਰਿਪੋਰਟ ਪੁਲਿਸ ਨੂੰ **ਲਾਜ਼ਮੀ** ਤੌਰ ਤੇ ਕਰਨੀ ਚਾਹੀਦੀ ਹੈ। ਹੋਰ ਵੇਰਵਿਆਂ ਲਈ ਅੰਤਿਕਾ A ਦੇਖੋ।

## ਪ੍ਰਸੰਗਿਕ ਸੁਰੱਖਿਆ

32. ਸੁਰੱਖਿਆ ਘਟਨਾਵਾਂ ਅਤੇ/ਜਾਂ ਵਿਹਾਰਾਂ ਨੂੰ ਉਨ੍ਹਾਂ ਕਾਰਕਾਂ ਨਾਲ ਸਬੰਧਿਤ ਕੀਤਾ ਜਾ ਸਕਦਾ ਹੈ ਜੋ ਸਕੂਲ ਜਾਂ ਕਾਲਜ ਤੋਂ ਬਾਹਰ ਦੇ ਹੁੰਦੇ ਹਨ ਅਤੇ/ਜਾਂ ਸਕੂਲ ਜਾਂ ਕਾਲਜ ਤੋਂ ਬਾਹਰ ਬੱਚਿਆਂ ਵਿਚਕਾਰ ਵਾਪਰ ਸਕਦੇ ਹਨ। **ਸਾਰੇ** ਸਟਾਫ, ਖਾਸ ਕਰਕੇ ਨਿਯਤ ਸੁਰੱਖਿਆ ਲੀਡਰ (ਅਤੇ ਡਿਪਟੀਆਂ) ਨੂੰ ਉਸ ਸੰਦਰਭ ਤੇ ਵਿਚਾਰ ਕਰਨਾ ਚਾਹੀਦਾ ਹੈ ਜਿਸ ਵਿੱਚ ਅਜਿਹੀਆਂ ਘਟਨਾਵਾਂ ਅਤੇ/ਜਾਂ ਵਿਹਾਰ ਵਾਪਰੇ ਹਨ। ਇਸ ਨੂੰ ਪ੍ਰਸੰਗਿਕ ਸੁਰੱਖਿਆ ਵਜੋਂ ਜਾਣਿਆ ਜਾਂਦਾ ਹੈ, ਜਿਸ ਦਾ ਆਸਾਨ ਮਤਲਬ ਹੈ ਕਿ ਬੱਚਿਆਂ ਦੇ ਮੁਲਾਂਕਣਾਂ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਵਿਆਪਕ ਵਾਤਾਵਰਨੀ ਕਾਰਕ ਬੱਚੇ ਦੀ ਜ਼ਿੰਦਗੀ ਵਿੱਚ ਮੌਜੂਦ ਹਨ ਜੋ ਉਨ੍ਹਾਂ ਦੀ ਸੁਰੱਖਿਆ ਅਤੇ/ਜਾਂ ਭਲਾਈ ਲਈ ਖਤਰਾ ਹਨ। ਬੱਚਿਆਂ ਦੇ ਸਮਾਜਿਕ ਸੰਭਾਲ ਮੁਲਾਂਕਣਾਂ ਨੂੰ ਅਜਿਹੇ ਕਾਰਕਾਂ ਤੇ ਵਿਚਾਰ ਕਰਨਾ ਚਾਹੀਦਾ ਹੈ, ਇਸ ਲਈ ਇਹ ਮਹੱਤਵਪੂਰਨ ਹੈ ਕਿ ਸਕੂਲ ਅਤੇ ਕਾਲਜ ਰੈਫਰਲ ਪ੍ਰਕਿਰਿਆ ਦੇ ਹਿੱਸੇ ਵਜੋਂ ਜ਼ਿਆਦਾ ਤੋਂ ਜ਼ਿਆਦਾ ਜਾਣਕਾਰੀ ਪ੍ਰਦਾਨ ਕਰਨ। ਇਸ ਨਾਲ ਕਿਸੇ ਮੁਲਾਂਕਣ ਨੂੰ ਸਾਰੇ ਉਪਲਬਧ ਸਬੂਤਾਂ ਅਤੇ ਕਿਸੇ ਦੁਰਵਿਹਾਰ ਦੇ ਸੰਪੂਰਨ ਸੰਦਰਭ ਤੇ ਵਿਚਾਰ ਕਰਨ ਦੀ ਇਜਾਜ਼ਤ ਮਿਲੇਗੀ। ਪ੍ਰਸੰਗਿਕ ਸੁਰੱਖਿਆ ਦੇ ਸਬੰਧ ਵਿੱਚ ਵਾਧੂ ਜਾਣਕਾਰੀ ਇੱਥੇ ਉਪਲਬਧ ਹੈ: Contextual Safeguarding (ਪ੍ਰਸੰਗਿਕ ਸੁਰੱਖਿਆ)।

## ਵਾਧੂ ਸਹਾਇਤਾ ਅਤੇ ਸਲਾਹ

33. ਵਿਭਾਗੀ ਸਲਾਹ What to Do if You Are Worried a Child is Being Abused - Advice for Practitioners (ਕੀ ਕਰੀਏ ਜੇ ਤੁਸੀਂ ਇਸ ਬਾਰੇ ਚਿੰਤਤ ਹੋ ਕਿ ਕਿਸੇ ਬੱਚੇ ਨਾਲ ਦੁਰਵਿਹਾਰ ਹੋ ਰਿਹਾ ਹੈ - ਅਭਿਆਸਕਰਤਾਵਾਂ ਲਈ ਸਲਾਹ) ਦੁਰਵਿਹਾਰ ਅਤੇ ਅਣਗਹਿਲੀ ਨੂੰ ਸਮਝਣ ਅਤੇ ਪਛਾਣਨ ਤੇ ਹੋਰ ਜਾਣਕਾਰੀ ਪ੍ਰਦਾਨ ਕਰਦੀ ਹੈ। ਦੁਰਵਿਹਾਰ ਅਤੇ ਅਣਗਹਿਲੀ ਦੇ ਸੰਭਾਵਿਤ ਸੰਕੇਤਾਂ ਦੀ ਉਦਾਹਰਨਾਂ ਨੂੰ ਸਲਾਹ ਦੇ ਦੌਰਾਨ ਵਿਸ਼ੇਸ਼ ਰੂਪ ਵਿੱਚ ਦੱਸਿਆ ਗਿਆ ਹੈ ਅਤੇ ਸਕੂਲ ਅਤੇ ਕਾਲਜ ਦੇ ਸਟਾਫ ਲਈ ਵਿਸ਼ੇਸ਼ ਤੌਰ 'ਤੇ ਉਪਯੋਗੀ ਹੋਵੇਗਾ। NSPCC ਵੈੱਬਸਾਈਟ ਵੀ ਦੁਰਵਿਹਾਰ ਅਤੇ ਅਣਗਹਿਲੀ ਉੱਪਰ ਅਤੇ ਕਿਸ ਦਾ ਧਿਆਨ ਰੱਖਣਾ ਹੈ ਤੇ ਉਪਯੋਗੀ ਵਾਧੂ ਜਾਣਕਾਰੀ ਪ੍ਰਦਾਨ ਕਰਦੀ ਹੈ।

34. **ਅੰਤਿਕਾ A** ਵਿੱਚ ਦੁਰਵਿਹਾਰ ਅਤੇ ਸੁਰੱਖਿਆ ਮੁੱਦਿਆਂ ਦੇ ਵਿਸ਼ੇਸ਼ ਰੂਪਾਂ ਬਾਰੇ ਮਹੱਤਵਪੂਰਨ ਵਾਧੂ ਜਾਣਕਾਰੀ ਹੈ। ਸਕੂਲ ਅਤੇ ਕਾਲਜ ਲੀਡਰ ਅਤੇ ਉਹ ਸਟਾਫ ਜੋ ਬੱਚਿਆਂ ਨਾਲ ਸਿੱਧੇ ਕੰਮ ਕਰਦੇ ਹਨ ਉਨ੍ਹਾਂ ਨੂੰ ਅੰਤਿਕਾ ਨੂੰ ਪੜ੍ਹਣਾ ਚਾਹੀਦਾ ਹੈ।

[10] ਫੀਮੇਲ ਜੇਨੀਟਲ ਮਿਊਟੀਲੇਸ਼ਨ ਐਕਟ 2003 ਦੇ ਸੈਕਸ਼ਨ 5B(11) (a) ਤਹਿਤ, ਇੰਗਲੈਂਡ ਦੇ ਸਬੰਧ ਵਿੱਚ "ਅਧਿਆਪਕ" ਦਾ ਮਤਲਬ ਹੈ, ਐਜੂਕੇਸ਼ਨ ਐਕਟ 2002 ਦੇ ਸੈਕਸ਼ਨ 141A(1) ਅੰਦਰ ਕੋਈ ਵਿਅਕਤੀ (ਇੰਗਲਡ ਵਿੱਚ ਸਕੂਲਾਂ ਅਤੇ ਹੋਰ ਸੰਸਥਾਵਾਂ ਵਿੱਚ ਸਿੱਖਿਆ ਦਾ ਕੰਮ ਕਰਨ ਲਈ ਰੁਜ਼ਗਾਰ ਜਾਂ ਰੁਝੇ ਹੋਏ ਵਿਅਕਤੀ)।

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਹ ਕਿਸੇ ਬੱਚੇ ਬਾਰੇ ਚਿੰਤਤ ਹਨ

35. ਬੱਚਿਆਂ ਨਾਲ ਕੰਮ ਕਰ ਰਹੇ ਸਟਾਫ ਨੂੰ **'ਇੱਥੇ ਹੋ ਸਕਦਾ ਹੈ'** ਨਜ਼ਰੀਏ ਨੂੰ ਬਣਾਕੇ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਜਿੱਥੇ ਸੁਰੱਖਿਆ ਚਿੰਤਾ ਹੁੰਦੀ ਹੈ। ਜਦੋਂ ਬੱਚੇ ਦੀ ਭਲਾਈ ਬਾਰੇ ਚਿੰਤਤ ਹੋ, ਤਾਂ ਸਟਾਫ ਨੂੰ ਹਮੇਸ਼ਾਂ ਬੱਚੇ ਦੇ **ਸ੍ਰੇਸ਼ਠ** ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ।

36. ਜੇ ਸਟਾਫ ਨੂੰ ਬੱਚੇ ਦੀ ਭਲਾਈ ਬਾਰੇ **ਕੋਈ ਚਿੰਤਾਵਾਂ** ਹਨ, ਤਾਂ ਉਨ੍ਹਾਂ ਨੂੰ ਉਸ ਉੱਪਰ ਤੁਰੰਤ ਕੰਮ ਕਰਨਾ ਚਾਹੀਦਾ ਹੈ। ਸਫ਼ਾ 15 ਤੇ ਸਟਾਫ ਲਈ ਪ੍ਰਕਿਰਿਆ ਨੂੰ ਤੈਅ ਕਰਦੇ ਫਲੋ ਚਾਰਟ ਨੂੰ ਦੇਖੋ ਜਦੋਂ ਉਨ੍ਹਾਂ ਨੂੰ ਬੱਚੇ ਬਾਰੇ ਚਿੰਤਾਵਾਂ ਹਨ।

37. ਜੇ ਸਟਾਫ ਨੂੰ ਕੋਈ ਚਿੰਤਾ ਹੈ, ਤਾਂ ਉਨ੍ਹਾਂ ਨੂੰ ਆਪਣੀ ਸੰਸਥਾ ਦੀ ਬੱਚੇ ਦੀ ਸੁਰੱਖਿਆ ਨੀਤੀ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਗੱਲ ਕਰਨੀ ਚਾਹੀਦੀ ਹੈ।

38. ਫੇਰ ਵਿਕਲਪਾਂ ਵਿੱਚ ਸ਼ਾਮਲ ਹੋਣਗੇ:

- ਸਕੂਲ ਜਾਂ ਕਾਲਜ ਦੀਆਂ ਖੁਦ ਦੀਆਂ ਪੈਸਟਰਲ ਸਹਾਇਤਾ ਪ੍ਰਕਿਰਿਆਵਾਂ ਰਾਹੀਂ ਅੰਦਰੂਨੀ ਤੌਰ ਤੇ ਬੱਚੇ ਲਈ ਕਿਸੇ ਸਹਾਇਤਾ ਦਾ ਪ੍ਰਬੰਧ ਕਰਨਾ
- ਜਲਦੀ ਮਦਦ ਮੁਲਾਂਕਣ[11]; ਜਾਂ
- ਵਿਧਾਨਿਕ ਸੇਵਾਵਾਂ ਲਈ ਰੈਫਰਲ[12], ਉਦਾਹਰਨ ਲਈ, ਜਿਵੇਂ ਕਿ ਬੱਚੇ ਨੂੰ ਲੋੜ ਹੋ ਸਕਦੀ ਹੈ, ਬੱਚੇ ਨੂੰ ਲੋੜ ਹੈ ਜਾਂ ਨੁਕਸਾਨ ਹੋ ਰਿਹਾ ਹੈ ਜਾਂ ਨੁਕਸਾਨ ਹੋਣ ਦੀ ਸੰਭਾਵਨਾ ਹੈ।

39. ਨਿਯਤ ਸੁਰੱਖਿਆ ਲੀਡਰ ਜਾਂ ਡਿਪਟੀ ਸੁਰੱਖਿਆ ਚਿੰਤਾਵਾਂ ਤੇ ਚਰਚਾ ਕਰਨ ਲਈ ਹਮੇਸ਼ਾਂ ਉਪਲਬਧ ਹੋਣਾ ਚਾਹੀਦਾ ਹੈ। ਜੇ ਅਸਧਾਰਨ ਹਾਲਾਤਾਂ ਵਿੱਚ, ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਉਪਲਬਧ ਨਹੀਂ ਹੁੰਦਾ, ਤਾਂ ਇਸ ਨਾਲ ਕੀਤੀ ਜਾਣ ਵਾਲੀ ਉਚਿਤ ਕਾਰਵਾਈ ਵਿੱਚ ਦੇਰੀ ਨਹੀਂ ਹੋਣੀ ਚਾਹੀਦੀ। ਸਟਾਫ ਨੂੰ ਸੀਨੀਅਰ ਲੀਡਰਸ਼ਿਪ ਟੀਮ ਦੇ ਮੈਂਬਰ ਨਾਲ ਗੱਲ ਕਰਨ ਅਤੇ/ਜਾਂ ਸਥਾਨਕ ਬੱਚਿਆਂ ਦੀ ਸਮਾਜਿਕ ਸੰਭਾਲ ਤੋਂ ਸਲਾਹ ਲੈਣ ਤੇ ਵਿਚਾਰ ਕਰਨਾ ਚਾਹੀਦਾ ਹੈ। ਇਨ੍ਹਾਂ ਹਾਲਾਤਾਂ ਵਿੱਚ, ਕਿਸੇ ਵੀ ਕੀਤੀ ਗਈ ਕਾਰਵਾਈ ਨੂੰ ਜਿੰਨਾ ਜਲਦੀ ਹੋ ਸਕੇ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ।

40. ਸਟਾਫ ਨੂੰ ਇਹ ਮੰਨਕੇ ਨਹੀਂ ਚਲਣਾ ਚਾਹੀਦਾ ਹੈ ਕਿ ਕੋਈ ਸਹਿਕਰਮੀ ਜਾਂ ਕੋਈ ਹੋਰ ਪੇਸ਼ੇਵਰ ਕਾਰਵਾਈ ਕਰੇਗਾ ਅਤੇ ਉਹ ਜਾਣਕਾਰੀ ਸਾਂਝਾ ਕਰੇਗਾ ਜੋ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਖਤਰਨਾਕ ਹੋ ਸਕਦੀ ਹੈ। ਉਨ੍ਹਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਪ੍ਰਭਾਵਸ਼ਾਲੀ ਪਛਾਣ, ਮੁਲਾਂਕਣ ਅਤੇ ਉਚਿਤ ਸੇਵਾ ਵਿਵਸਥਾ ਦਾ ਨਿਰਧਾਰਨ ਕਰਨ ਲਈ ਜਲਦੀ ਜਾਣਕਾਰੀ ਨੂੰ ਸਾਂਝਾ ਕਰਨਾ ਮਹੱਤਵਪੂਰਨ ਹੈ। Information Sharing: Advice for Practitioners Providing Safeguarding Services to Children, Young People, Parents and Carers

---

[11] ਜਲਦੀ ਮਦਦ ਮੁਲਾਂਕਣਾਂ, ਜਲਦੀ ਮਦਦ ਸੇਵਾਵਾਂ ਦੀ ਵਿਵਸਥਾ ਅਤੇ ਸੇਵਾਵਾਂ ਤੇ ਪਹੁੰਚ ਬਣਾਉਣ ਬਾਰੇ ਹੋਰ ਜਾਣਕਾਰੀ Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦੇ ਪਾਠ 1 ਵਿੱਚ ਹੈ।

[12] Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦਾ ਪਾਠ 1 ਤੈਅ ਕਰਦਾ ਹੈ ਕਿ ਸੁਰੱਖਿਆ ਕਰਨ ਵਾਲੇ ਭਾਗੀਦਾਰਾਂ ਨੂੰ ਇੱਕ ਸ਼ੁਰੂਆਤੀ ਦਸਤਾਵੇਜ਼ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ ਜਿਸ ਵਿੱਚ ਲੋੜ ਦੇ ਪੱਧਰ ਸਮੇਤ ਮਾਪਦੰਡ ਸ਼ਾਮਲ ਹੋਣੇ ਚਾਹੀਦੇ ਹਨ, ਕਦੋਂ ਕਿਸੇ ਮਾਮਲੇ ਨੂੰ ਸੈਕਸ਼ਨ 17 ਅਤੇ 47 ਅਧੀਨ ਮੁਲਾਂਕਣ ਅਤੇ ਵਿਧਾਨਿਕ ਸੇਵਾਵਾਂ ਲਈ ਸਥਾਨਕ ਅਥਾਰਿਟੀ ਬੱਚਿਆਂ ਦੀ ਸਮਾਜਿਕ ਸੰਭਾਲ ਕੋਲ ਭੇਜਿਆ ਜਾਣਾ ਚਾਹੀਦਾ ਹੈ। ਸਥਾਨਕ ਅਥਾਰਿਟੀਆਂ ਨੂੰ, ਆਪਣੇ ਭਾਗੀਦਾਰਾਂ ਦੇ ਨਾਲ, ਮੁਲਾਂਕਣ ਲਈ ਸਥਾਨਕ ਪ੍ਰੋਟੋਕਾਲਾਂ ਨੂੰ ਵਿਕਸਿਤ ਅਤੇ ਪ੍ਰਕਾਸ਼ਿਤ ਕਰਨਾ ਚਾਹੀਦਾ ਹੈ। ਸਥਾਨਕ ਪ੍ਰੋਟੋਕਾਲ ਵਿੱਚ ਇਸ ਲਈ ਸਪਸ਼ਟ ਵਿਵਸਥਾਵਾਂ ਤੈਅ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਮਾਮਲਿਆਂ ਦਾ ਪ੍ਰਬੰਧ ਕਿਵੇਂ ਹੋਵੇਗਾ ਜਦੋਂ ਬੱਚੇ ਨੂੰ ਸਥਾਨਕ ਅਥਾਰਿਟੀ ਬੱਚਿਆਂ ਦੀ ਸਮਾਜਿਕ ਸੰਭਾਲ ਵਿੱਚ ਭੇਜਿਆ ਜਾਂਦਾ ਹੈ।

(ਜਾਣਕਾਰੀ ਸਾਂਝਾ ਕਰਨਾ: ਬੱਚਿਆਂ ਨੂੰ ਸੁਰੱਖਿਆ ਸੇਵਾਵਾਂ ਪ੍ਰਦਾਨ ਕਰਨ ਵਾਲੇ ਅਭਿਆਸਕਰਤਾਵਾਂ, ਨੌਜਵਾਨਾਂ, ਮਾਪਿਆਂ ਅਤੇ ਸੰਭਾਲਕਰਤਾਵਾਂ) ਸਹਾਇਕ ਸਟਾਫ ਜਿਸ ਨੇ ਜਾਣਕਾਰੀ ਸਾਂਝਾ ਕਰਨ ਬਾਰੇ ਫੈਸਲੇ ਲੈਣੇ ਹਨ ਲਈ ਸਲਾਹ। ਇਸ ਸਲਾਹ ਵਿੱਚ ਡੇਟਾ ਪ੍ਰੋਟੈਕਸ਼ਨ ਐਕਟ 2018 ਅਤੇ ਜਨਰਲ ਡੇਟਾ ਪ੍ਰੋਟੈਕਸ਼ਨ ਅਧਿਨਿਯਮ (GDPR) ਦੇ ਸਬੰਧ ਵਿੱਚ ਜਾਣਕਾਰੀ ਅਤੇ ਵਿਚਾਰਾਂ ਨੂੰ ਸਾਂਝਾ ਕਰਨ ਲਈ ਸੱਤ ਸੁਨਿਹਰੇ ਨਿਯਮ ਸ਼ਾਮਲ ਹਨ। ਜਾਣਕਾਰੀ ਸਾਂਝਾ ਕਰਨ ਬਾਰੇ ਕੋਈ ਵੀ ਸ਼ੱਕ ਹੋਣ ਤੇ, ਸਟਾਫ ਨੂੰ ਨਿਯਤ ਸੁਰੱਖਿਆ ਲੀਡਰ ਜਾਂ ਡਿਪਟੀ ਨਾਲ ਗੱਲ ਕਰਨੀ ਚਾਹੀਦੀ ਹੈ। ਜਾਣਕਾਰੀ ਸਾਂਝਾ ਕਰਨ ਬਾਰੇ ਡਰ ਨੂੰ ਬੱਚਿਆਂ ਦੀ ਭਲਾਈ ਨੂੰ ਪ੍ਰੋਤਸਾਹਿਤ ਕਰਨ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਬਚਾਉਣ ਦੇ ਰਾਸਤੇ ਵਿੱਚ ਆਉਣ ਦੀ ਇਜਾਜ਼ਤ **ਨਹੀਂ** ਦਿੱਤੀ ਜਾਣੀ ਚਾਹੀਦੀ ਹੈ।

## ਜਲਦੀ ਮਦਦ

41. ਜੇ ਜਲਦੀ ਮਦਦ ਢੁਕਵੀਂ ਹੁੰਦੀ ਹੈ, ਤਾਂ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਆਮ ਤੌਰ ਤੇ ਦੂਜੀਆਂ ਏਜੰਸੀਆਂ ਨਾਲ ਤਾਲਮੇਲ ਕਰਕੇ ਅਤੇ ਇੰਟਰ-ਏਜੰਸੀ ਦੇ ਮੁਲਾਂਕਣ ਨੂੰ ਉਚਿਤ ਤੌਰ ਤੇ ਸਥਾਪਿਤ ਕਰਨ ਲਈ ਅਗਵਾਈ ਕਰਦਾ ਹੈ। ਸਟਾਫ ਨੂੰ ਹੋਰ ਏਜੰਸੀਆਂ ਅਤੇ ਪੇਸ਼ੇਵਰਾਂ ਨੂੰ ਜਲਦੀ ਮਦਦ ਮੁਲਾਂਕਣ ਵਿੱਚ ਸਹਾਇਤਾ ਕਰਨ ਦੀ ਜ਼ਰੂਰਤ ਪੈ ਸਕਦੀ ਹੈ, ਕੁਝ ਮਾਮਲਿਆਂ ਵਿੱਚ, ਮੁੱਖ ਅਭਿਆਸਕਰਤਾ ਵਜੋਂ ਕੰਮ ਕਰਨਾ। ਕਿਸੇ ਵੀ ਅਜਿਹੇ ਕੇਸਾਂ ਨੂੰ ਲਗਾਤਾਰ ਸਮੀਖਿਆ ਅਧੀਨ ਰੱਖਿਆ ਜਾਣਾ ਚਾਹੀਦਾ ਹੈ ਅਤੇ ਵਿਧਾਨਿਕ ਸੇਵਾਵਾਂ ਲਈ ਮੁਲਾਂਕਣ ਲਈ ਬੱਚਿਆਂ ਦੀ ਸਮਾਜਿਕ ਸੰਭਾਲ ਲਈ ਇੱਕ ਰੈਫ਼ਰਲ ਨੂੰ ਵਿਚਾਰਿਆ ਜਾਣਾ ਚਾਹੀਦਾ ਹੈ, ਜੇ ਬੱਚੇ ਦੀ ਸਥਿਤੀ ਵਿੱਚ ਸੁਧਾਰ ਨਹੀਂ ਹੁੰਦਾ ਜਾਂ ਵਿਗੜ ਰਹੀ ਹੁੰਦੀ ਹੈ।

## ਵਿਧਾਨਿਕ ਮੁਲਾਂਕਣ

42. **ਜਿੱਥੇ ਕੋਈ ਬੱਚਾ ਪੀੜਤ ਹੈ, ਜਾਂ ਨੁਕਸਾਨ ਤੋਂ ਪੀੜਤ ਹੋਣ ਦੀ ਸੰਭਾਵਨਾ ਹੈ, ਤਾਂ ਇਹ ਮਹੱਤਵਪੂਰਨ ਹੈ ਕਿ ਬੱਚਿਆਂ ਦੀ ਸਮਾਜਿਕ ਸੰਭਾਲ (ਅਤੇ ਜੇ ਉਚਿਤ ਹੋਵੇ ਤਾਂ ਪੁਲਿਸ) ਨੂੰ ਤੁਰੰਤ ਬੁਲਾਇਆ ਜਾਵੇ।** ਰੈਫ਼ਰਲ ਨੂੰ ਸਥਾਨਕ ਰੈਫ਼ਰਲ ਪ੍ਰਕਿਰਿਆ ਦੀ ਪਾਲਣਾ ਕਰਨੀ ਚਾਹੀਦੀ ਹੈ।

## ਲੋੜਵੰਦ ਬੱਚੇ

ਲੋੜਵੰਦ ਬੱਚੇ ਨੂੰ ਚਿਲਡਰਨ ਐਕਟ 1989 ਦੇ ਤਹਿਤ ਇਕ ਅਜਿਹੇ ਬੱਚੇ ਦੇ ਤੌਰ ਤੇ ਪਰਿਭਾਸ਼ਿਤ ਕੀਤਾ ਗਿਆ ਹੈ ਜਿਸ ਦੀ ਸਿਹਤ ਜਾਂ ਵਿਕਾਸ ਦੇ ਉੱਚ ਪੱਧਰ ਪ੍ਰਾਪਤ ਕਰਨ ਜਾਂ ਇਸ ਨੂੰ ਕਾਇਮ ਰੱਖਣ ਦੀ ਸੰਭਾਵਨਾ ਨਹੀਂ ਹੈ, ਜਾਂ ਜਿਨ੍ਹਾਂ ਦੀ ਸਿਹਤ ਅਤੇ ਵਿਕਾਸ ਦੀ ਸੇਵਾਵਾਂ ਦੇ ਪ੍ਰਬੰਧਾਂ ਦੇ ਬਿਨਾਂ, ਮਹੱਤਵਪੂਰਨ ਜਾਂ ਹੋਰ ਕਮਜ਼ੋਰ ਹੋਣ ਦੀ ਸੰਭਾਵਨਾ ਹੈ; ਜਾਂ ਅਪਾਹਜ ਬੱਚਾ ਹੈ। ਸਥਾਨਕ ਅਥਾਰਿਟੀਆਂ ਨੂੰ ਉਨ੍ਹਾਂ ਦੀ ਭਲਾਈ ਦੀ ਸੁਰੱਖਿਆ ਕਰਨ ਅਤੇ ਪ੍ਰੋਤਸਾਹਿਤ ਕਰਨ ਦੇ ਉਦੇਸ਼ਾਂ ਲਈ ਲੋੜਵੰਦ ਬੱਚਿਆਂ ਲਈ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਹੈ। ਚਿਲਡਰਨ ਐਕਟ 1989 ਦੇ ਸੈਕਸ਼ਨ 17 ਦੇ ਤਹਿਤ ਲੋੜਵੰਦ ਬੱਚਿਆਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ।

## ਮਹੱਤਵਪੂਰਨ ਨੁਕਸਾਨ ਤੋਂ ਪੀੜਤ ਜਾਂ ਪੀੜਤ ਹੋਣ ਦੀ ਸੰਭਾਵਨਾ ਵਾਲੇ ਬੱਚੇ

ਜਿਵੇਂ ਕਿ ਉਚਿਤ ਹੋਵੇ ਹੋਰ ਸੰਸਥਾਵਾਂ ਦੀ ਮਦਦ ਦੇ ਨਾਲ, ਸਥਾਨਕ ਅਥਾਰਿਟੀਆਂ ਦੀ ਚਿਲਡਰਨ ਐਕਟ 1989 ਦੇ ਸੈਕਸ਼ਨ 47 ਦੇ ਤਹਿਤ ਪੁੱਛਗਿੱਛ ਕਰਨ ਦੀ ਜ਼ੁੰਮੇਵਾਰੀ ਬਣਦੀ ਹੈ, ਜੇ ਉਨ੍ਹਾਂ ਕੋਲ ਸ਼ੱਕ ਕਰਨ ਦਾ ਮੁਨਾਸਿਬ ਕਾਰਨ ਹੈ ਕਿ ਬੱਚਾ ਮਹੱਤਵਪੂਰਨ ਨੁਕਸਾਨ ਤੋਂ ਪੀੜਤ ਹੈ ਜਾਂ ਹੋਣ ਦੀ ਸੰਭਾਵਨਾ ਹੈ। ਅਜਿਹੀਆਂ ਪੁੱਛ-ਗਿੱਛਾਂ ਇਹ ਫੈਸਲਾ ਕਰਨ ਵਿੱਚ ਮਦਦ ਕਰਦੀਆਂ ਹਨ ਕਿ ਉਨ੍ਹਾਂ ਨੂੰ ਬੱਚੇ ਦੀ ਭਲਾਈ ਨੂੰ ਬਚਾਉਣ ਅਤੇ ਉਨ੍ਹਾਂ ਨੂੰ ਪ੍ਰੋਤਸਾਹਿਤ ਕਰਨ ਲਈ ਕੋਈ ਕਾਰਵਾਈ

ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਦੁਰਵਿਹਾਰ ਸੰਬੰਧੀ ਸਾਰੀਆਂ ਚਿੰਤਾਵਾਂ, ਦੁਰਵਿਹਾਰ ਅਤੇ ਅਣਗਹਿਲੀ ਦੇ ਸਾਰੇ ਰੂਪ, ਮਾਦਾ ਜਣਨ ਅੰਗ ਨੂੰ ਖਰਾਬ ਕਰਨ ਜਾਂ ਹੋਰ ਤਥਾਕਥਿਤ ਸਨਮਾਨ ਆਧਾਰਿਤ ਹਿੰਸਾ, ਅਤੇ ਕੱਟੜਪੰਥੀ ਅਤੇ ਜਿਨਸੀ ਸ਼ੋਸ਼ਣ ਵਰਗੇ ਵਾਧੂ ਪਰਿਵਾਰਕ ਧਮਕੀਆਂ ਸ਼ਾਮਲ ਹਨ।

43. ਆਨਲਾਈਨ ਟੂਲ Report Child Abuse to Your Local Council (ਆਪਣੀ ਸਥਾਨਕ ਕੌਂਸਿਲ ਨੂੰ ਬੱਚਿਆਂ ਦੇ ਦੁਰਵਿਹਾਰ ਦੀ ਰਿਪੋਰਟ ਕਰੋ) ਸਬੰਧਿਤ ਸਥਾਨਕ ਬੱਚਿਆਂ ਦੇ ਸਮਾਜਿਕ ਸੰਭਾਲ ਸੰਪਰਕ ਨੰਬਰ ਕੋਲ ਭੇਜਦਾ ਹੈ।

## ਸਥਾਨਕ ਅਥਾਰਿਟੀ ਕੀ ਕਰੇਗੀ?

44. ਹਵਾਲਾ ਦੇਣ ਤੋਂ ਇੱਕ ਕੰਮਕਾਜ਼ੀ ਦਿਨ ਦੇ ਅੰਦਰ, ਇੱਕ ਸਥਾਨਕ ਅਥਾਰਿਟੀ ਸਮਾਜ ਸੇਵਕ ਨੂੰ ਹਵਾਲਾ ਦੇਣ ਵਾਲੇ ਨੂੰ ਪ੍ਰਾਪਤੀ ਦੀ ਰਸੀਦ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਅਗਲੇ ਕਦਮਾਂ ਅਤੇ ਜਵਾਬ ਦੀ ਕਿਸਮ ਤੇ ਫੈਸਲਾ ਲੈਣਾ ਚਾਹੀਦਾ ਹੈ ਜੋ ਲੋੜੀਂਦਾ ਹੈ। ਇਸ ਵਿੱਚ ਇਹ ਨਿਰਧਾਰਤ ਕਰਨਾ ਸ਼ਾਮਲ ਹੋਵੇਗਾ ਕਿ ਕੀ:

- ਬੱਚੇ ਨੂੰ ਤੁਰੰਤ ਸੁਰੱਖਿਆ ਦੀ ਜ਼ਰੂਰਤ ਹੈ ਅਤੇ ਜ਼ਰੂਰੀ ਕਾਰਵਾਈ ਦੀ ਲੋੜ ਹੈ;
- ਬੱਚਾ ਲੋੜਵੰਦ ਹੈ, ਅਤੇ ਚਿਲਡਰਨ ਐਕਟ 1989 ਦੇ ਸੈਕਸ਼ਨ 17 ਦੇ ਤਹਿਤ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ;
- ਇਸ ਗੱਲ 'ਤੇ ਸ਼ੱਕ ਕਰਨ ਦਾ ਜਾਇਜ਼ ਕਾਰਨ ਹੈ ਕਿ ਬੱਚੇ ਨੂੰ ਮਹੱਤਵਪੂਰਨ ਨੁਕਸਾਨ ਹੋ ਰਿਹਾ ਹੈ ਜਾਂ ਸੰਭਾਵਿਤ ਨੁਕਸਾਨ ਹੋ ਸਕਦਾ ਹੈ, ਅਤੇ ਕੀ ਪੁੱਛਗਿੱਛ ਕੀਤੀ ਜਾਣੀ ਚਾਹੀਦੀ ਹੈ ਅਤੇ ਚਿਲਡਰਨ ਐਕਟ 1989 ਦੇ ਸੈਕਸ਼ਨ 47 ਦੇ ਤਹਿਤ ਬੱਚੇ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ;
- ਬੱਚੇ ਅਤੇ ਪਰਿਵਾਰ ਨੂੰ ਕੋਈ ਸੇਵਾਵਾਂ ਦੀ ਲੋੜ ਹੈ ਅਤੇ ਕਿਸ ਤਰ੍ਹਾਂ ਦੀਆਂ ਸੇਵਾਵਾਂ;
- ਸਥਾਨਕ ਅਥਾਰਿਟੀ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨ ਲਈ ਹੋਰ ਵਿਸ਼ੇਸ਼ੱਗ ਮੁਲਾਂਕਣਾਂ ਦੀ ਲੋੜ ਹੈ ਕਿ ਅੱਗੇ ਕੀ ਕਦਮ ਚੁੱਕਣਾ ਹੈ;
- ਬੱਚੇ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ ਦੇਖਣਾ ਜੇ ਫੈਸਲਾ ਲਿਆ ਗਿਆ ਹੈ ਕਿ ਰੈਫ਼ਰਲ ਨੂੰ ਹੋਰ ਮੁਲਾਂਕਣ ਦੀ ਜ਼ਰੂਰਤ ਹੈ।

45. ਹਵਾਲਾ ਦੇਣ ਵਾਲੇ ਨੂੰ ਫਾਲੋ ਅਪ ਕਰਨਾ ਚਾਹੀਦਾ ਹੈ ਜੇ ਇਹ ਜਾਣਕਾਰੀ ਆਉਣ ਵਾਲੀ ਨਹੀਂ ਹੈ।

46. ਜੇ ਸਮਾਜ ਸੇਵਕ ਕਿਸੇ ਵਿਧਾਨਿਕ ਮੁਲਾਂਕਣ ਨੂੰ ਕਰਨ ਦਾ ਫੈਸਲਾ ਕਰਦੇ ਹਨ, ਤਾਂ ਸਟਾਫ ਨੂੰ ਉਸ ਮੁਲਾਂਕਣ ਦਾ ਸਮਰਥਨ ਕਰਨ ਲਈ ਉਹ ਹਰੇਕ ਚੀਜ਼ ਕਰਨੀ ਚਾਹੀਦੀ ਹੈ ਜੋ ਉਹ ਕਰ ਸਕਦੇ ਹਨ (ਲੋੜ ਅਨੁਸਾਰ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਦੁਆਰਾ ਸਮਰਥਿਤ)।

47. ਜੇ, ਹਵਾਲਾ ਦੇਣ ਤੋਂ ਬਾਅਦ, ਇਹ ਨਹੀਂ ਲਗਦਾ ਕਿ ਬੱਚੇ ਦੀ ਸਥਿਤੀ ਵਿੱਚ ਕੋਈ ਸੁਧਾਰ ਹੋ ਰਿਹਾ ਹੈ, ਤਾਂ ਹਵਾਲਾ ਦੇਣ ਵਾਲੇ ਨੂੰ ਇਹ ਯਕੀਨੀ ਬਣਾਉਣ ਲਈ ਸਥਾਨਕ ਪ੍ਰਸਾਰ ਪ੍ਰਕਿਰਿਆਵਾਂ ਤੇ ਵਿਚਾਰ ਕਰਨ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਚਿੰਤਾਵਾਂ ਤੇ ਤਵੱਜੋ ਦਿੱਤੀ ਗਈ ਹੈ, ਅਤੇ ਸਭ ਤੋਂ ਮਹੱਤਵਪੂਰਨ, ਕਿ ਬੱਚੇ ਦੀ ਸਥਿਤੀ ਵਿੱਚ ਸੁਧਾਰ ਹੋਇਆ ਹੈ।

## ਰਿਕਾਰਡ ਰੱਖਣਾ

48. ਸਾਰੀਆਂ ਚਿੰਤਾਵਾਂ, ਚਰਚਾਵਾਂ ਅਤੇ ਲਏ ਗਏ ਫੈਸਲੇ, ਅਤੇ ਉਨ੍ਹਾਂ ਫ਼ੈਸਲਿਆਂ ਦੇ ਕਾਰਨਾਂ ਨੂੰ ਲਿਖਤੀ ਰੂਪ ਵਿੱਚ ਦਰਜ ਕੀਤਾ ਜਾਣਾ ਚਾਹੀਦਾ ਹੈ। ਜੇ ਰਿਕਾਰਡਿੰਗ ਲੋੜਾਂ ਬਾਰੇ ਕੋਈ ਸ਼ੱਕ ਹੈ, ਤਾਂ ਸਟਾਫ ਨੂੰ ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀ) ਨਾਲ ਚਰਚਾ ਕਰਨੀ ਚਾਹੀਦੀ ਹੈ।

## ਇਹ ਸਭ ਮਹੱਤਵਪੂਰਨ ਕਿਉਂ ਹੈ?

49. ਇਹ ਜੋਖਿਮਾਂ ਨੂੰ ਸੰਬੋਧਿਤ ਕਰਨ ਅਤੇ ਮੁੱਦਿਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਬੱਚਿਆਂ ਨੂੰ ਸਹੀ ਸਮੇਂ ਤੇ ਸਹੀ ਮਦਦ ਦੇਣ ਲਈ ਮਹੱਤਵਪੂਰਨ ਹੈ। ਖੋਜ ਅਤੇ ਗੰਭੀਰ ਕੇਸ ਸਮੀਖਿਆਵਾਂ ਨੇ ਵਾਰ-ਵਾਰ ਪ੍ਰਭਾਵਸ਼ਾਲੀ ਕਾਰਵਾਈ ਕਰਨ ਵਿੱਚ ਅਸਫਲਤਾ ਦੇ ਖਤਰਿਆਂ ਨੂੰ ਦਿਖਾਇਆ ਹੈ।[13] ਮਾੜੇ ਅਭਿਆਸ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਕਾਰਵਾਈ ਕਰਨ ਵਿੱਚ ਅਸਫਲ ਹੋਣਾ ਅਤੇ ਦੁਰਵਿਹਾਰ ਅਤੇ ਅਣਗਹਿਲੀ ਦੇ ਸ਼ੁਰੂਆਤੀ ਸੰਕੇਤਾਂ ਨੂੰ ਵੇਖੋ;
- ਰਿਕਾਰਡ ਰੱਖਣ ਦਾ ਮਾੜਾ ਤਰੀਕਾ;
- ਬੱਚੇ ਦੇ ਵਿਚਾਰਾਂ ਨੂੰ ਸੁਣਨ ਵਿੱਚ ਅਸਫਲਤਾ;
- ਜਦੋਂ ਸਥਿਤੀਆਂ ਵਿੱਚ ਸੁਧਾਰ ਨਹੀਂ ਹੁੰਦਾ ਤਾਂ ਚਿੰਤਾਵਾਂ ਦਾ ਮੁੜ-ਨਿਰਧਾਰਨ ਕਰਨ ਵਿੱਚ ਅਸਫਲਤਾ;
- ਜਾਣਕਾਰੀ ਨੂੰ ਸਾਂਝਾ ਨਾ ਕਰਨਾ;
- ਜਾਣਕਾਰੀ ਨੂੰ ਹੌਲੀ ਹੌਲੀ ਸਾਂਝਾ ਕਰਨਾ; ਅਤੇ
- ਉਨ੍ਹਾਂ ਨੂੰ ਚੁਣੌਤੀ ਦੀ ਕਮੀ ਜੋ ਕਾਰਵਾਈ ਕਰਦੇ ਨਹੀਂ ਲੱਗਦੇ।

# ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਹ ਕਿਸੇ ਹੋਰ ਸਟਾਫ ਮੈਂਬਰ ਬਾਰੇ ਚਿੰਤਤ ਹਨ ਜੋ ਬੱਚਿਆਂ ਨੂੰ ਨੁਕਸਾਨ ਦੇ ਜੋਖਿਮ ਵਿੱਚ ਪਾ ਸਕਦਾ ਹੈ

50. ਜੇ ਸਟਾਫ ਨੂੰ ਸੁਰੱਖਿਆ ਚਿੰਤਾਵਾਂ ਹਨ, ਜਾਂ ਸਟਾਫ ਦੇ ਕਿਸੇ ਹੋਰ ਮੈਂਬਰ ਤੇ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਦਾ ਖਤਰਾ ਪੈਦਾ ਕਰਨ ਬਾਰੇ ਇਲਜ਼ਾਮ ਲੱਗੇ ਹਨ (ਵਲੰਟੀਅਰਾਂ ਸਮੇਤ), ਤਾਂ:

- ਇਸ ਨੂੰ ਮੁੱਖ ਅਧਿਆਪਕ ਜਾਂ ਪ੍ਰਿੰਸੀਪਲ ਕੋਲ ਭੇਜਿਆ ਜਾਣਾ ਚਾਹੀਦਾ ਹੈ;
- ਜਿੱਥੇ ਮੁੱਖ ਅਧਿਆਪਕ ਜਾਂ ਪ੍ਰਿੰਸੀਪਲ ਬਾਰੇ ਚਿੰਤਾਵਾਂ/ਇਲਜ਼ਾਮ ਹਨ, ਤਾਂ ਇਸ ਨੂੰ ਗਵਰਨਰਾਂ ਦੇ ਚੇਅਰ (ਮੁੱਖੀ), ਮੈਨੇਜਮੈਂਟ ਕਮੇਟੀ ਦੇ ਚੇਅਰ ਜਾਂ ਸੁਤੰਤਰ ਸਕੂਲ ਦੇ ਮਾਲਕ ਕੋਲ ਭੇਜਿਆ ਜਾਣਾ ਚਾਹੀਦਾ ਹੈ; ਅਤੇ
- ਮੁੱਖ ਅਧਿਆਪਕ ਬਾਰੇ ਚਿੰਤਾਵਾਂ/ਇਲਜ਼ਾਮ ਦੀ ਘਟਨਾ ਵਿੱਚ, ਜਿੱਥੇ ਮੁੱਖ ਅਧਿਆਪਕ ਕਿਸੇ ਸੁਤੰਤਰ ਸਕੂਲ ਦਾ ਇਕੱਲਾ ਮਾਲਕ ਵੀ ਹੈ, ਤਾਂ ਇਲਜ਼ਾਮਾਂ ਦੀ ਰਿਪੋਰਟ ਸਿੱਧੇ ਸਥਾਨਕ ਅਥਾਰਿਟੀ ਵਿਖੇ ਨਿਯਤ ਅਫਸਰ(ਰਾਂ) ਨੂੰ ਕੀਤੀ ਜਾਣੀ ਚਾਹੀਦੀ ਹੈ। (ਹੋਰ ਵੇਰਵੇ ਇਸ ਨਿਰਦੇਸ਼ਨ ਦੇ ਭਾਗ ਚਾਰ ਵਿੱਚ ਮਿਲ ਸਕਦੇ ਹਨ)।

[13] ਗੰਭੀਰ ਕੇਸ ਸਮੀਖਿਆਵਾਂ ਦੇ ਵਿਸ਼ਲੇਸ਼ਣ ਨੂੰ Serious case reviews, 2011 to 2014 (ਗੰਭੀਰ ਕੇਸ ਸਮੀਖਿਆਵਾਂ, 2011 ਤੋਂ 2014) ਵਿੱਚ ਦੇਖਿਆ ਜਾ ਸਕਦਾ ਹੈ

© LGfL 2019

## ਸਕੂਲ ਅਤੇ ਕਾਲਜ ਦੇ ਸਟਾਫ ਨੂੰ ਕੀ ਕਰਨਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਸਕੂਲ ਜਾਂ ਕਾਲਜ ਅੰਦਰ ਸੁਰੱਖਿਅਤ ਰੱਖਣ ਦੇ ਤਰਿਕਿਆਂ ਬਾਰੇ ਚਿੰਤਾਵਾਂ ਹਨ

51. ਸਾਰੇ ਸਟਾਫ ਅਤੇ ਵਲੰਟੀਅਰਾਂ ਨੂੰ ਸਕੂਲ ਜਾਂ ਕਾਲਜ ਦੀ ਸੁਰੱਖਿਆ ਪ੍ਰਣਾਲੀ ਵਿੱਚ ਮਾੜੇ ਜਾਂ ਅਸੁਰੱਖਿਅਤ ਅਭਿਆਸ ਅਤੇ ਸੰਭਾਵਿਤ ਅਸਫਲਤਾਵਾਂ ਬਾਰੇ ਚਿੰਤਾਵਾਂ ਨੂੰ ਪੇਸ਼ ਕਰਨ ਵਿੱਚ ਸਮਰੱਥ ਹੋਣਾ ਚਾਹੀਦਾ ਹੈ, ਅਤੇ ਇਹ ਜਾਣਨਾ ਚਾਹੀਦਾ ਹੈ ਕਿ ਸੀਨੀਅਰ ਲੀਡਰਸ਼ਿਪ ਟੀਮ ਦੁਆਰਾ ਇਸ ਤਰ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

52. ਸਕੂਲ ਜਾਂ ਕਾਲਜ ਦੀ ਸੀਨੀਅਰ ਲੀਡਰਸ਼ਿਪ ਦੀ ਟੀਮ ਕੋਲ ਉਠਾਈਆਂ ਜਾਣ ਵਾਲੀਆਂ ਅਜਿਹੀਆਂ ਸਮੱਸਿਆਵਾਂ ਲਈ ਉਚਿਤ ਧਿਆਨ ਖਿੱਚਣ ਵਾਲੀਆਂ ਪ੍ਰਕਿਰਿਆਵਾਂ ਨੂੰ ਰੱਖਿਆ ਜਾਣਾ ਚਾਹੀਦਾ ਹੈ।

53. ਜਿੱਥੇ ਕੋਈ ਸਟਾਫ ਮੈਂਬਰ ਆਪਣੇ ਰੁਜ਼ਗਾਰਦਾਤਾ ਕੋਲ ਕਿਸੇ ਮੁੱਦੇ ਨੂੰ ਉਠਾਉਣ ਵਿੱਚ ਅਯੋਗ ਮਹਿਸੂਸ ਕਰਦਾ ਹੈ, ਜਾਂ ਮਹਿਸੂਸ ਕਰਦਾ ਹੈ ਕਿ ਉਨ੍ਹਾਂ ਦੀਆਂ ਸਹੀ ਚਿੰਤਾਵਾਂ ਤੇ ਤਵੱਜੋ ਨਹੀਂ ਦਿੱਤੀ ਜਾ ਰਹੀ ਹੈ, ਤਾਂ ਹੋਰ ਧਿਆਨ ਖਿੱਚਣ ਦੇ ਚੈਨਲ ਉਨ੍ਹਾਂ ਲਈ ਖੁਲ੍ਹੇ ਹੋ ਸਕਦੇ ਹਨ:

- ਵਿਸਲਬਲੋਇੰਗ (ਮੁਖਬਿਰੀ) ਤੇ ਆਮ ਨਿਰਦੇਸ਼ ਇਸ ਰਾਹੀਂ ਦੇਖੇ ਜਾ ਸਕਦੇ ਹਨ: Advice on Whistleblowing (ਵਿਸਲਬਲੋਇੰਗ (ਮੁਖਬਿਰੀ) ਤੇ ਸਲਾਹ); ਅਤੇ
- ਅਜਿਹੇ ਸਟਾਫ ਲਈ NSPCC's *what you can do to report abuse* dedicated helpline (NSPCC ਦੀ *ਦੁਰਵਿਹਾਰ ਦੀ ਰਿਪੋਰਟ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ* ਲਈ ਸਮਰਪਿਤ ਹੈਲਪਲਾਈਨ) ਇੱਕ ਵਿਕਲਪਿਕ ਰਾਸਤੇ ਵਜੋਂ ਮੌਜੂਦ ਹੈ ਜੋ ਅੰਦਰੂਨੀ ਤੌਰ ਤੇ ਬੱਚੇ ਦੀ ਸੁਰੱਖਿਆ ਦੇ ਸਬੰਧ ਵਿੱਚ ਅਸਫਲਤਾਵਾਂ ਸਬੰਧੀ ਚਿੰਤਾਵਾਂ ਨੂੰ ਦੱਸਣ ਦੇ ਯੋਗ ਮਹਿਸੂਸ ਨਹੀਂ ਕਰਦੇ ਜਾਂ ਉਨ੍ਹਾਂ ਦੇ ਸਕੂਲ ਜਾਂ ਕਾਲਜ ਦੁਆਰਾ ਚਿੰਤਾ ਨਾਲ ਵਰਤਾਰਾ ਕਰਨ ਦੇ ਤਰੀਕੇ ਬਾਰੇ ਚਿੰਤਤ ਹੁੰਦੇ ਹਨ। ਸਟਾਫ 0800 028 0285 ਨੂੰ ਕਾਲ ਕਰ ਸਕਦਾ ਹੈ – ਲਾਈਨ ਸਵੇਰੇ 8:00 ਤੋਂ ਰਾਤ 8:00 ਵਜੇ ਤਕ, ਸੋਮਵਾਰ ਤੋਂ ਸ਼ੁੱਕਰਵਾਰ ਤਕ ਉਪਲਬਧ ਹੈ ਅਤੇ help@nspcc.org.uk ਤੇ ਈਮੇਲ ਕਰ ਸਕਦਾ ਹੈ।[14]

[14] ਵਿਕਲਪਿਕ ਤੌਰ ਤੇ, ਸਟਾਫ ਲਿਖਕੇ ਇੱਥੇ ਭੇਜ ਸਕਦਾ ਹੈ: National Society for the Prevention of Cruelty to Children (NSPCC), Weston House, 42 Curtain, Road, London EC2A 3NH.

© LGfL 2019

# ਕਿਰਿਆਵਾਂ ਜਿੱਥੇ ਕਿਸੇ ਬੱਚੇ ਬਾਰੇ ਚਿੰਤਾਵਾਂ ਹੁੰਦੀਆਂ ਹਨ

ਸਕੂਲ/ਕਾਲਜ ਦੀ ਕਾਰਵਾਈ

ਹੋਰ ਏਜੰਸੀ ਦੀ ਕਾਰਵਾਈ

ਸਟਾਫ ਨੂੰ ਬੱਚੇ ਬਾਰੇ ਚਿੰਤਾਵਾਂ ਹਨ ਅਤੇ ਤੁਰੰਤ ਕਾਰਵਾਈ ਕਰਦਾ ਹੈ। ਸਟਾਫ਼ ਆਪਣੀ ਬਾਲ ਸੁਰੱਖਿਆ ਨੀਤੀ ਦੀ ਪਾਲਣਾ ਕਰਦੇ ਹਨ ਅਤੇ ਨਿਯਤ ਸੁਰੱਖਿਆ ਲੀਡਰ ਨਾਲ ਗੱਲ ਕਰਦੇ ਹਨ (1)

ਰੈਫਰਲ ਦੀ ਲੋੜ ਨਹੀਂ ਹੈ, ਸਕੂਲ/ਕਾਲਜ ਮੁਨਾਸਿਬ ਕਾਰਵਾਈ ਕਰਦਾ ਹੈ, ਸੰਭਾਵਿਤ ਤੌਰ ਤੇ, ਪੈਸਟਰਲ ਸਹਾਇਤਾ ਅਤੇ/ਜਾਂ ਜਲਦੀ ਮਦਦ ਸਮੇਤ (2) ਅਤੇ ਸਥਾਨਕ ਤੌਰ ਤੇ ਨਿਗਰਾਨੀ ਕਰਦਾ ਹੈ

ਰੈਫਰਲ (3) ਜੇ ਚਿੰਤਾਵਾਂ ਵੱਧਦੀਆਂ ਜਾਂਦੀਆਂ ਹਨ

ਨਿਯਤ ਸੁਰੱਖਿਆ ਲੀਡਰ ਜਾਂ ਸਟਾਫ ਬੱਚਿਆਂ ਦੀ ਸਮਾਜਿਕ ਸੰਭਾਲ ਨੂੰ ਹਵਾਲਾ ਦਿੰਦਾ ਹੈ (3) (ਅਤੇ ਜੇ ਉਚਿਤ ਹੋਵੇ ਪੁਲਿਸ ਨੂੰ ਕਾਲ ਕਰਦਾ ਹੈ)

1 ਕੰਮਕਾਜ਼ੀ ਦਿਨ ਦੇ ਅੰਦਰ, ਸਮਾਜ ਸੇਵਕ ਉਸ ਕਿਸਮ ਦੇ ਜਵਾਬ ਬਾਰੇ ਫੈਸਲਾ ਲੈਂਦਾ ਹੈ ਜਿਸ ਦੀ ਲੋੜ ਹੁੰਦੀ ਹੈ

ਤੁਰੰਤ ਸੁਰੱਖਿਆ ਦੀ ਲੋੜ ਵਾਲਾ ਬੱਚਾ: ਹਵਾਲਾ ਭੇਜਣ ਵਾਲੇ ਨੂੰ ਸੂਚਿਤ ਕੀਤਾ ਗਿਆ

ਸਮਾਜ ਸੇਵਕ, ਪੁਲਿਸ ਜਾਂ NSPCC ਦੁਆਰਾ ਉਚਿਤ ਆਪਾਤ ਕਾਰਵਾਈ ਕੀਤੀ ਗਈ ਹੈ (5)

ਸੈਕਸ਼ਨ 47 (4) ਪੁੱਛਗਿੱਛਾਂ ਇਨ੍ਹਾਂ ਲਈ ਉਚਿਤ ਹਨ: ਹਵਾਲਾ ਭੇਜਣ ਵਾਲੇ ਨੂੰ ਸੂਚਿਤ ਕੀਤਾ ਗਿਆ

ਮਹੱਤਵਪੂਰਨ ਜੋਖਿਮ ਤੇ ਬੱਚੇ ਦੀ ਪਛਾਣ ਕਰੋ (4): ਸੰਭਾਵਿਤ ਚਾਇਲਡ ਪ੍ਰੋਟੈਕਸ਼ਨ ਪਲਾਨ

ਸੈਕਸ਼ਨ 17 (4) ਪੁੱਛਗਿੱਛਾਂ ਇਨ੍ਹਾਂ ਲਈ ਉਚਿਤ ਹਨ: ਹਵਾਲਾ ਭੇਜਣ ਵਾਲੇ ਨੂੰ ਸੂਚਿਤ ਕੀਤਾ ਗਿਆ

ਲੋੜਵੰਦ ਬੱਚੇ ਦੀ ਪਛਾਣ ਕਰੋ (4) ਅਤੇ ਉਚਿਤ ਸਹਾਇਤਾ ਦੀ ਪਛਾਣ ਕਰੋ

ਕਿਸੇ ਉਪਚਾਰਿਕ ਮੁਲਾਂਕਣ ਦੀ ਲੋੜ ਨਹੀਂ ਹੈ: ਹਵਾਲਾ ਭੇਜਣ ਵਾਲੇ ਨੂੰ ਸੂਚਿਤ ਕੀਤਾ ਗਿਆ

ਸਕੂਲ/ਕਾਲਜ ਪੈਸਟਰਲ ਸਹਾਇਤਾ ਅਤੇ/ਜਾਂ ਜਲਦੀ ਮਦਦ ਮੁਲਾਂਕਣ ਤੇ ਵਿਚਾਰ ਕਰਦਾ ਹੈ (2) ਵਿਆਪਕ ਸੇਵਾਵਾਂ ਅਤੇ ਹੋਰ ਸਹਾਇਤਾ ਤੇ ਪਹੁੰਚ ਬਣਾਕੇ

ਸਟਾਫ ਸਮਾਜ ਸੇਵਕਾਂ ਦੀ ਸਹਾਇਤਾ ਕਰਨ ਲਈ ਉਹ ਹਰੇਕ ਚੀਜ਼ ਕਰਦੇ ਹਨ ਜੋ ਉਹ ਕਰ ਸਕਦੇ ਹਨ।

ਸਾਰੇ ਪੜਾਆਂ ਤੇ, ਸਟਾਫ ਨੂੰ ਬੱਚੇ ਦੇ ਹਾਲਾਤਾਂ ਨੂੰ ਸਮੀਖਿਆ ਅਧੀਨ ਰੱਖਣਾ ਚਾਹੀਦਾ ਹੈ (ਨਿਯਤ ਸੁਰੱਖਿਆ ਲੀਡਰ (ਜਾਂ ਡਿਪਟੀਆਂ ਸਮੇਤ) ਲੋੜ ਅਨੁਸਾਰ), ਅਤੇ ਜੇ ਮੁਨਾਸਿਬ ਹੋਵੇ ਤਾਂ ਮੁੜ ਮੁੜ-ਹਵਾਲਾ ਦੇਣਾ, ਬੱਚੇ ਦੇ ਹਾਲਾਤਾਂ ਨੂੰ ਸੁਧਾਰਨ ਨੂੰ ਯਕੀਨੀ ਬਣਾਉਣ ਲਈ – ਬੱਚੇ ਦੇ ਸ੍ਰੇਸ਼ਠ ਹਿੱਤ ਹਮੇਸ਼ਾਂ ਪਹਿਲਾਂ ਆਉਣੇ ਚਾਹੀਦੇ ਹਨ

(1) ਅਜਿਹੇ ਮਾਮਲਿਆਂ ਵਿੱਚ ਜਿਨ੍ਹਾਂ ਵਿੱਚ ਕਿਸੇ ਚਿੰਤਾ ਜਾਂ ਸਟਾਫ ਮੈਂਬਰ ਦੇ ਖਿਲਾਫ ਦੁਰਵਿਹਾਰ ਦੇ ਦੋਸ਼ ਸ਼ਾਮਲ ਹਨ, ਇਸ ਮਾਰਗਦਰਸ਼ਨ ਦਾ ਭਾਗ ਚਾਰ ਦੇਖੋ।

(2) ਜਲਦੀ ਮਦਦ ਦਾ ਮਤਲਬ ਹੈ ਕਿ ਕਿਸੇ ਬੱਚੇ ਦੀ ਜ਼ਿੰਦਗੀ ਵਿੱਚ ਕਿਸੇ ਵੀ ਸਮੇਂ ਕੋਈ ਵੀ ਸਮੱਸਿਆ ਆਉਣ ਤੇ ਜਲਦੀ ਤੋਂ ਜਲਦੀ ਸਹਾਇਤਾ ਪ੍ਰਦਾਨ ਕਰਨਾ। ਜਿੱਥੇ ਕਿਸੇ ਬੱਚੇ ਨੂੰ ਤਾਲਮੇਲ ਵਾਲੀ ਜਲਦੀ ਮਦਦ ਤੋਂ ਫਾਇਦਾ ਹੋਵੇਗਾ, ਜਲਦੀ ਮਦਦ ਇੰਟਰ-ਏਜੰਸੀ ਦੇ ਮੁਲਾਂਕਣ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ। Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦੇ ਪਾਠ ਇੱਕ ਵਿੱਚ ਜਲਦੀ ਮਦਦ ਪ੍ਰਕਿਰਿਆ ਤੇ ਵਿਸਤ੍ਰਿਤ ਨਿਰਦੇਸ਼ਨ ਦਿੱਤੇ ਗਏ ਹਨ।

(3) ਰੈਫਰਲ ਨੂੰ ਸਥਾਨਕ ਥ੍ਰੈਸ਼ਹੋਲਡ ਦਸਤਾਵੇਜ਼ ਅਤੇ ਮੁਲਾਂਕਣ ਲਈ ਸਥਾਨਕ ਪ੍ਰੋਟੋਕੋਲ ਵਿੱਚ ਨਿਰਧਾਰਿਤ ਕੀਤੀ ਪ੍ਰਕਿਰਿਆ ਦੀ ਪਾਲਣਾ ਕਰਨੀ ਚਾਹੀਦੀ ਹੈ। Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦਾ ਪਾਠ ਇੱਕ।

(4) ਚਿਲਡਰਨ ਐਕਟ 1989 ਦੇ ਤਹਿਤ, ਸਥਾਨਕ ਅਥਾਰਿਟੀਆਂ ਨੂੰ ਲੋੜਵੰਦ ਬੱਚਿਆਂ ਦੀ ਭਲਾਈ ਨੂੰ ਸੁਰੱਖਿਅਤ ਕਰਨ ਅਤੇ ਪ੍ਰੋਤਸਾਹਿਤ ਕਰਨ ਦੇ ਉਦੇਸ਼ਾਂ ਲਈ ਉਨ੍ਹਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਚਿਲਡਰਨ ਐਕਟ 1989 ਦੇ ਸੈਕਸ਼ਨ 17 ਦੇ ਤਹਿਤ ਲੋੜਵੰਦ ਬੱਚਿਆਂ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ। ਚਿਲਡਰਨ ਐਕਟ 1989 ਦੇ ਸੈਕਸ਼ਨ 47 ਦੇ ਤਹਿਤ ਜਿੱਥੇ ਸਥਾਨਕ ਅਥਾਰਿਟੀ ਕੋਲ ਸ਼ੱਕ ਕਰਨ ਦਾ ਮੁਨਾਸਿਬ ਕਾਰਨ ਹੈ ਕਿ ਬੱਚਾ ਮਹੱਤਵਪੂਰਨ ਨੁਕਸਾਨ ਤੋਂ ਪੀੜ੍ਹਤ ਹੈ ਜਾਂ ਹੋਣ ਦੀ ਸੰਭਾਵਨਾ ਹੈ, ਤਾਂ ਇਹ ਫੈਸਲਾ ਕਰਨ ਲਈ ਪੁੱਛਗਿੱਛਾਂ ਕਰਨ ਦੀ ਜ਼ੁੰਮੇਵਾਰੀ ਹੈ ਕਿ ਕੀ ਬੱਚੇ ਦੀ ਭਲਾਈ ਨੂੰ ਸੁਰੱਖਿਅਤ ਕਰਨ ਅਤੇ ਪ੍ਰੋਤਸਾਹਿਤ ਕਰਨ ਲਈ ਕਾਰਵਾਈ ਕਰਨੀ ਹੈ। ਪੂਰਾ ਵੇਰਵਾ Working Together to Safeguard Children (ਬੱਚਿਆਂ ਦੀ ਰੱਖਿਆ ਕਰਨ ਲਈ ਇਕੱਠੇ ਕੰਮ ਕਰਨਾ) ਦੇ ਪਾਠ ਇੱਕ ਵਿੱਚ ਹੈ।

(5) ਇਸ ਵਿੱਚ ਐਮਰਜੈਂਸੀ ਪ੍ਰੋਟੈਕਸ਼ਨ ਆਰਡਰ (EPO) ਲਈ ਅਰਜ਼ੀ ਦੇਣਾ ਸ਼ਾਮਲ ਹੋ ਸਕਦਾ ਹੈ।

Translated from the 02 Sept 2019 update of 'Keeping Children Safe in Education'
Find this and 10 other translations at kcsietranslate.lgfl.net© LGfL 2019